ਆਦਾਲਤ ਅੱਗੇ, ਸ਼ਰੋਮਣੀ ਕਮੇਟੀ, ਜੁਗਿੰਦਰ ਸੁੰਹ ਅਤੇ ਹੋਰ ਪੰਥ ਕਹਾਉਂਦਿਆਂ ਅੱਗੇ ਰੱਖੇ ਪੇਪਰਾਂ ਵਿਚ ਪੰਥ ਵਿਚ ਅਸਿਖ ਸੂਰਤ ਪ੍ਰਾਣੀ ਲਈ ਕੀਤਾ ਹੋਇਆ ਪ੍ਰਚਲਤ ਹਰਫ ਪਤਿਤ ਤਾਂ ਪੰਥ ਦੇ ਸਿਖਰ ਵੈਰੀ, ਝੂਠ ਦਾ ਮੁਰਦਾਰ ਖਾਕੇ ਬੋਲਣ ਵਾਲੇ ਪਾਂਡੇ ਨੇ ਆਪਣੀ ਸਿਖ ਸਰੂਪ ਵਿਚ ਔਲਾਦ ਨੂੰ ਪ੍ਰਚਲਤ ਕਰ ਦੇਣ ਲਈ ਦੇਕੇ ਭੇਜਿਆ ਗਿਆ ਸੀ। ਗੁਰੂ ਗੁਰਬਾਣੀ ਦਾ ਸੱਚ ਹੈ ਕਿ ਕੁਦਰਤ ਵਿਚ ਕਾਦਰ ਕਰਤੇ ਦਾ ਨਿਆਂ ਇਨਸਾਫ ਕਾਨੂੰਨ, ਆਪਣਾ ਫੈਸਲਾ ਇਨਸਾਨ ਦੇ ਕੀਤੇ ਕਰਮਾਂ ਦੇ ਅਧਾਰ ਤੇ ਕਰਦਾ ਹੈ ਨਾ ਕਿ ਸ਼ਕਲ ਦੇ ਅਧਾਰ ਤੇ। ਅਪੂਰਨ ਸ਼ਕਲ ਕਰ ਲੈਣ ਦੇ ਮਾੜੇ ਦਾ ਸਬੰਧ ਸਿਰਫ ਤੇ ਸਿਰਫ ਸਿਧਾ ਰੱਬ ਨਾਲ ਹੈ, ਜਿਸ ਨੇ ਉਸ ਨੂੰ ਜਨਮ ਦਿੱਤਾ ਹੈ। ਇਨਾਂ ਵਿਚ ਹੀ ਬਿਨਾਂ ਸਿੰਘ ਨਾਮ ਅਤੇ ਸੂਰਤ ਸ਼ਰਧਾਲੂ ਗੁਰੂ ਦੇ ਹਜ਼ੂਰ ਸੰਗਤ ਵਿਚ ਹੋਣ ਵਾਲੇ ਹਨ। ਕਿਸੇ ਸਿੰਘ ਨਾਮ ਧਰਾਕੇ ਕੇਸਾਂ ਦੀ ਬਿਆਦਬੀ ਦੇ ਗੁਨਾਹ ਨਾਲ ਆਪਣੇ ਲਈ ਸਜਾ ਜਾਂ ਮੁਆਫੀ ਲਈ ਸਿਧਾ ਗੁਰੂ ਕਰਤਾ ਪੁਰਖ ਨੂੰ ਆਪਣੇ ਵਿਚਕਾਰ ਕਰ ਲਿਆ ਹੈ। ਕੇਸਾਂ ਦੀ ਬਿਆਦਵੀ, ਕਿਸੇ ਵੱਲੋਂ ਕਿਸੇ ਵੀ ਇਨਸਾਨ ਨਾਲ ਕੋਈ ਕੀਤਾ ਹੋਇਆ ਮਾੜਾ ਕਰਮ ਨਹੀ ਜਿਸ ਦਾ ਫੈਸਲਾ ਕਦੇ ਕੁਦਰਤ ਵਿਚ ਕਾਦਰ ਕਰਤੇ ਦੇ ਨਿਆਂ ਇਨਸਾਫ ਕਾਨੂੰਨ ਨੇ ਕਰਨਾਂ ਹੈ। ਜਦ ਕੇਸਾਂ ਦੀ ਬਿਆਦਵੀ ਨੇ ਸ਼ਰੋਮਣੀ ਕਮੇਟੀ ਦੀ ਜਾਂ ਕਿਸੇ ਸਿਖ ਸਰੂਪ ਵਾਲੇ ਦੀ ਜਾਂ ਕਿਸੇ ਅੰਮ੍ਰਿਤਧਾਰੀ ਸਿਖ ਦੀ ਕੋਈ ਲੱਤ ਬਾਂਹ ਹੀ ਨਹੀਂ ਤੋੜੀ, ਕੋਈ ਅੱਖ ਹੀ ਨਹੀਂ ਕੱਢੀ, ਤੇ ਨਾ ਹੀ ਇਨਾਂ ਨੂੰ ਕੋਈ ਮਾੜਾ ਬੋਲ ਬੋਲਿਆ ਕਿ ਕਿਸੇ ਅਸਿਖ ਸ਼ਕਲ ਇਨਸਾਨ ਨੂੰ ਇਹ ਪਤਿਤ ਪਾਪੀ ਐਲਾਨਣ ਦਾ ਹੱਕ, ਅਧਿਕਾਰ ਰਖਦੇ ਹੋਣ। ਬਿਪਰਣ ਵਲੋਂ ਖਾਲਸਾ ਪੰਥ ਵਿਚ ਮਾਣਸ ਦੀ ਹੀ ਇਕ ਜਾਤ ਅਸਿਖ ਸੂਰਤ ਨੂੰ ਨਫਰਤ ਦੀਆਂ ਨਿਗਾਹਾਂ ਨਾਲ ਵੇਖਣ ਦਾ ਰੋਗ ਲਾ ਦੇਣ ਲਈ ਇਨਾਂ ਵਾਸਤੇ ਹਰਫ ਪਤਿਤ ਪਾਪੀ ਪ੍ਰਚੱਲਤ ਕਰਵਾ ਦਿੱਤੇ ਅਤੇ ਸਿਖਾਂ ਨੂੰ ਹੀ ਆਪਣੇ ਗੁਰੂ ਉਪਦੇਸ਼ ਦੇ ਉਲਟ ਚਾਣਕੀਆ ਚਾਲ ਨਾਲ ਚਲਾਕੇ ਗੁਰੂ ਅਤੇ ਅਸਲ ਖ,ਲਸਾ ਪੰਥ ਤੋਂ ਬੇਮੁਖ ਕਰ ਦਿੱਤਾ ਤੇ ਉਨਾਂ ਨੂੰ ਇਸ ਦਾ ਪਤਾ ਤੱਕ ਵੀ ਨਾ ਲੱਗਣ ਦਿੱਤਾ। ਗੁਰਬਾਣੀ ਵਿਚ ਹਮ ਪਤਿਤ, ਹਮ ਪਾਪੀ ਵੀ ਆਉਂਦਾ ਹੈ। ਜੋ ਅਸਿਖ ਸ਼ਕਲ ਨੂੰ ਪਤਿਤ ਪਾਪੀ ਜਾਨ ਗਿਆ, ਐਲਾਨ ਗਿਆ, ਸਵਿਕਾਰ ਕਰ ਗਿਆ ਉਸ ਨੇ ਗੁਰਬਾਣੀ ਵਿਚ ਆਉਂਦੇ ਹਮ ਪਾਪੀ, ਹਮ ਪਤਿਤ ਸ਼ਬਦ ਗੁਰੂ ਨੂੰ ਮੰਨਣ ਤੋਂ ਹੀ ਇਨਕਾਰ ਹੁੰਦਿਆਂ ਠੁਕਰਾ ਦਿੱਤਾ ਹੈ। ਕਿਸੇ ਅਸਿਖ ਸ਼ਕਲ ਇਨਸਾਨ ਨੂੰ ਬਿਨਾਂ ਦੋਸ਼ ਪਤਿਤ ਪਾਪੀ ਵੇਖਣ, ਐਲਾਨਣ ਨਾਲ ਮਾਨਸ ਦੀ ਜਾਤ ਨੂੰ ਇਕ ਵੇਖਣ ਦੇ ਗੁਰੂ ਹੁਕਮ, ਸਿਖੀ ਜੀਵਨ ਦੇ ਥੰਮ ਸਿਧਾਂਤ ਤੋਂ ਮੁਨਕਰ, ਬਾਗੀ ਸਿਖ ਸਰੂਪ ਨੇ ਬੇਖਬਰ ਆਪਣੇ ਆਪਨੂੰ ਗੁਰੂ ਤੋਂ ਬੇਮੁਖ ਕਰ ਲਿਆ। ਕਿਸੇ ਸ਼ਕਲੋਂ ਅਸਿਖ ਇਨਸਾਨ ਨੂੰ ਬਿਨਾਂ ਦੋਸ਼ ਪਤਿਤ ਪਾਪੀ ਵੇਖਣ ਤੇ ਐਲਾਨਣ ਦਾ ਗੁਨਾਹ ਵੀ ਪੱਲੇ ਕਰ ਲਿਆ। ਜਦ ਕਿ ਗੁਰੂ ਦਾ ਸਿਖ ਤਾਂ ਅਜਿਹਾ ਸੋਚ ਤੱਕ ਨਹੀਂ ਸਕਦਾ। ਜਿਸ ਇਹ ਸੋਚ ਤੱਕ ਲਿਆ ਕਿ ਅਸਿਖ ਸੂਰਤ ਵਾਲਾ ਪਤਿਤ ਪਾਪੀ ਹੈ ਉਸ ਨੇ ਅੰਮ੍ਰਿਤ ਦੀ ਦਾਤ ਹੁੰਦਿਆਂ ਵੀ ਆਪਣੇ ਆਪਨੂੰ ਗੁਰੂ ਤੋਂ ਬੇਮੁਖ ਕਰ ਲਿਆ ਹੈ। ਉਸ ਨੇ ਉਹ ਧਰਤ ਹੀ ਅਪਵਿਤ੍ਰ ਕਰ ਲਈ ਜਿਸ ਤੇ ਸਿਖ ਦੇ ਅਮਲੀ ਜੀਵਨ, ਸਿਖੀ ਜੀਵਨ ਦਾ ਜ਼ਿੰਦਗੀ ਭਰ ਮਹਿਲ ਉਸਰਦਾ ਹੈ। ਗੁਰਬਾਣੀ ਦੇ ਅਧਾਰ ਤੇ ਹੀ ਤੱਤ ਸਾਰ, ਮਾਨਸ ਦੀ ਜਾਤ ਨੂੰ ਇਕ ਪਹਿਚਾਨਣ ਦੇ ਗੁਰੂ ਹੁਕਮ ਦੇ ਉਲਟ, ਜਿਸ ਸਿਖ ਨੇ ਕਿਸੇ ਨੂੰ ਅਸਿਖ ਸ਼ਕਲ ਦੇ ਅਧਾਰ ਤੇ ਕਿਸੇ ਇਨਸਾਨ ਨੂੰ ਪਤਿਤ, ਪਾਪੀ ਐਲਾਨ ਕਰ ਲਿਆ ਸਵਿਕਾਰ ਕਰ ਲਿਆ, ਹਮਾਇਤ ਕਰ ਦਿੱਤੀ ਜਾਂ ਸੋਚ ਤੱਕ ਲਿਆ, ਉਸ ਨੇ ਪਤਾ ਨਹੀਂ ਆਪਣੇ ਮਨ ਵਿਚ ਉਨਾਂ ਸੰਤਾਂ ਭਗਤਾਂ ਲਈ ਹੋਰ ਕਿਹੜਾ ਵੱਡਾ ਨਫਰਤ ਹਰਫ ਰੱਖਿਆ ਹੋ ਸਕਦਾ ਹੈ ਜੋ ਨਾਈ ਜਾਂ ਕਿਸਾਈ ਸਨ ਅਤੇ ਜਿੰਨਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰਖਾਈ ਸੀ ਜੋ ਅੱਲਾ ਦੇ ਹੋਣ ਲਈ ਇਕਰਾਰ ਵਜੋਂ ਚਮੜੀ ਕੱਟਣ ਵਾਲਿਆਂ ਵਿਚੋਂ ਵੀ ਸਨ, ਨਫਰਤ ਦਾ ਹੋਰ ਕਿਹੜਾ ਮਾੜਾ ਹਰਫ ਮਨੀ ਦੇ ਰੱਖਿਆ ਹੋਇਆ ਹੈ, ਇਹ ਗੁਰੂ ਹੁਕਮਾਂ ਤੋਂ ਮੁਨਕਰ ਖੁਦ ਸਿਖਰ ਪਤਿਤ ਪਾਪੀ ਹੀ ਜਾਣਦੇ ਹੋ ਸਕਦੇ ਹਨ।

ਮਾਣਸ ਦੀ ਜਾਤ ਨੂੰ ਇਕ ਜਾਨਣ ਦਾ ਇਹ ਅਨਮੋਲ ਚਾਨਣ ਤਾਂ ਇਸ ਲਈ ਵੀ ਹੈ ਕਿ ਇਸ ਦਰ ਆਉਣ ਵਾਲੇ ਇਨਸਾਨ ਨੂੰ ਅਤੇ ਜਿਸ ਦਾ ਇਹ ਧਰਮ ਹੈ, ਸਿਖ ਨੂੰ ਇਹ ਨਾ ਭੁਲੇ ਕਿ ਆਪਾਂ ਸੱਭੇ ਇਨਸਾਨ ਜਾਤ, ਚੰਗਾ ਮੰਦਾ ਸੱਭੇ ਇਕ ਪਿਤਾ

ਕਰਤਾ ਪੁਰਖ ਦਾ ਇਕ ਪ੍ਰਵਾਰ ਸੰਤਾਨ ਹਾਂ। ਪਤਿਤ ਹਰਫ ਅਸਿਖ ਸੂਰਤ ਲਈ ਬਿਪਰਨ ਵੱਲੋਂ ਚਲਾਕੇ, ਸਿਖਾਂ ਨੂੰ ਚਲਾਕੀ ਨਾਲ ਆਪਣੇ ਗੁਰੂ ਤੋਂ ਬੇਮੁਖ ਕਰਕੇ ਸਿਖ ਹੋ ਸਕਣ ਦਾ ਅਧਾਰ ਹੀ ਸਿਖਾਂ ਤੋਂ ਲੁੱਟਿਆ ਹੋਇਆ ਹੈ ਅਤੇ ਪੰਥ ਦੀ ਇਸ ਦੁਰਦਿਸ਼ਾ ਦਾ ਇਕ ਕਾਰਨ ਵੀ ਹੈ। ਇਹ ਹੈ ਅਦਾਲਤ, ਸ਼ਰੋਮਣੀ ਕਮੇਟੀ, ਜੁਗਿੰਦਰ ਸੁੰਹ ਅਤੇ ਹੋਰ ਪੰਥ ਕਹਾਉਣ ਵਾਲਿਆਂ ਅੱਗੇ ਸਿਖ ਦੀ ਪ੍ਰੀਭਾਸ਼ਾ ਨਾਲ ਸਬੰਧਤ ਰੱਖੇ ਦਸਤਾਵੇਜਾਂ ਦਾ ਤੱਤ ਸਾਰ।

ਇਸੇ ਦੌਰਾਨ ਇਕ ਵੱਡੇ ਨਾਮ ਇੰਟਰਨੈਸ਼ਨਲ ਸੰਤ ਸਮਾਜ ਵਲੋਂ ਸੱਦੇ ਇਕੱਠ ਨੂੰ ਲਿਖੇ ਇਕ ਖਤ ਵਿਚ ਇਹ ਸਪਸ਼ਟ ਵੀ ਕਰ ਦਿੱਤਾ ਗਿਆ ਕਿ ਅੱਜ ਸਿਖ ਧਰਮ ਨੂੰ ਅਪਣਾਕੇ ਚੱਲਣ ਵਾਲਿਆਂ ਵਿਚੋਂ ਕੋਣ ਆਪਣੇ ਨਾਮ ਨਾਲ ਸੰਤ ਲਿਖ ਲੈਣ ਵਾਲਾ ਗੁਰੂ ਵਲੋਂ ਪੰਥ ਵਲੋਂ ਅਧਿਕਾਰੀ ਹੋ ਸਕਦਾ ਹੈ? ਯਾਦ ਰਹੇ ਕਿ ਇਨਾਂ ਆਪਣੇ ਨਾਵਾਂ ਨਾਲ ਅੱਤ ਵੱਡਾ ਪਵਿਤ੍ਰ ਨਾਮ ਸੰਤ ਜੋੜਨ ਵਾਲਿਆਂ, ਇਕੱਠ ਦੇ ਨਾਂ ਤੇ ਆਪਣੇ ਆਪਨੂੰ ਸਿਖ ਸਰੂਪ ਵਿਚ ਪਖੰਡੀ ਬਨਾਰਸ ਦੇ ਠੱਗ ਸਾਧ, ਬਿਪਰਨ ਦੀ ਔਲਾਦ ਟੋਲੇ ਸਿਧ ਕਰਨੋਂ ਕੋਈ ਕਸਰ ਬਾਕੀ ਨਾ ਛੱਡੀ ਗਈ।

ਜੁਗਿੰਦਰ ਸੁੰਹ ਦੇ ਹੋਕੇ ਤੇ ਸ਼ਰੋਮਣੀ ਕਮੇਟੀ ਦੀ ਮੱਦਦ ਲਈ ਸਿਖ ਦੀ ਪ੍ਰਭਾਸ਼ਾ ਦਾ ਦਾਹਵਾ ਲੈਕੇ ਇਸ ਕੋਲ ਆਏ, ਪਾਠਕਾਂ ਤੋਂ ਇਸ ਸਾਕਤ ਅਕ੍ਰਿਤਘਣ ਨੇ ਛੁਪਾ ਲਿਆ ਸੀ ਪਰ ਹੋਕਾ ਸੁਣ ਕੇ ਨਿਤਰੇ ਗੁਰੂ ਆਸਰੇ ਇਸ ਅੱਗੇ, ਸ਼ਰੋਮਣੀ ਕਮੇਟੀ ਅੱਗੇ ਅਤੇ ਭਾਰਤ ਦੀ ਅਦਾਲਤ ਅੱਗੇ ਸਿਖ ਦੀ ਅਸਲ ਖਾਲਸ ਪ੍ਰੀਭਾਸ਼ਾ ਦੇ ਨਾਲ ਨਾਲ, ਗੁਰਬਾਣੀ ਅਨੁਸਾਰ ਸਹਿਜ, ਪਤਿਤ ਅਤੇ ਗੁਰੂ ਦੇ ਸਮੂਹ ਹੁਕਮਾਂ ਚੋਂ ਪਹਿਲਾ ਮਾਨਸ ਦੀ ਜਾਤ ਨੂੰ ਇਕ ਜਾਣਕੇ ਤੁਰਨ ਤੋਂ ਬਿਨਾਂ ਹੋਰ ਸਭ ਵਿਅਰਥ ਤੇ ਸਿਰ ਭਾਰ ਵੀ, ਤੱਕ ਦੇ ਗੁਰੂ ਗਿਆਨ ਨੂੰ ਕਲਮਬੰਦ ਕਰਕੇ ਰੱਖਿਆ ਤੇ ਇਸ ਗੁਰਮਤਿ ਸੱਚ ਅਨੁਸਾਰ ਹੀ ਚੱਲਣ ਦਾ ਅਰਦਾਸਾ ਸੋਧ ਤੁਰ ਪੈਣ ਵਾਲੇ ਤੁਛ ਨੇ ਭਵਿਖ ਲਈ ਸੰਗਠਨ ਵੀ ਕਰ ਲਿਆ। ਇਨਾਂ ਹੀ ਨਹੀਂ ਅੱਜ ਸਿਖ ਦੇ ਸਰੂਪ ਵਿਚ ਅਤਿ ਕਿਰਦਾਰ ਮਾੜੇ ਅਤੇ ਪੰਥ ਦੇ ਸਿਖਰ ਦੋਖੀ ਬਿਪਰਨ ਦੀ ਔਲਾਦ ਜੁਗਿੰਦਰ ਸੁੰਹ ਦੇ ਜਮ ਜੂਨਾਂ ਵਿਚ ਸੁਟਦੇ ਮੱਕੜੀ ਜਾਲ ਵਿਚੋਂ ਆਪਜੀ ਨੂੰ ਆਜਾਦ ਕਰਵਾਕੇ ਘਰ ਵਾਪਸ ਲੈ ਆਉਣ ਦੀਆਂ ਗੁਰੂ ਖੁਸ਼ੀਆਂ ਵੀ ਪੰਥ ਨੂੰ ਪਰਦਾਨ ਕਰ ਦਿੱਤੀਆਂ ਹਨ। ਨਾਲ ਇਹ ਆਸ ਉਮੀਦ ਵੀ ਕਰ ਦਿੱਤੀ ਹੈ ਕਿ ਆਪਜੀ ਹੀ ਹੋ ਜਿਨਾਂ ਨੂੰ ਇਹ ਤੁਛ ਗੁਰਸਿਖ ਕਾਫਲਾ, ਗੁਰੂ ਦੀ ਧਰਤ ਭਾਲਦਾ ਫਿਰ ਰਿਹਾ ਹੈ। ਜਿਨਾਂ ਨੇ ਖਾਲਸਾ ਪੰਥ ਦੇ ਵਾਰਸ ਹੋਣ ਦਾ ਮਾਣ ਅਤੇ ਜ਼ਿਮੇਵਾਰੀ ਬਣ ਪੰਥ ਦੇ ਸੰਘਰਸ਼ ਦੀ ਅਗਵਾਈ ਕਰਨੀ ਹੈ।

ਸਿਖ ਦੀ ਪ੍ਰੀਭਾਸ਼ਾ ਤੇ ਬਾਕੀ ਵਿਸ਼ਿਆਂ ਤੇ ਗੁਰਮਤਿ ਵਖਿਆਨ ਹੁਣ ਤੱਕ ਦੇ ਦਸਤਾਵੇਜ਼ ਜਿਥੇ ਰੋਜਾਨਾਂ ਸਪੋਕਸਮੈਨ ਜੁਗਿੰਦਰ ਸਿੰਘ, ਕਾਬਲ ਸਿੰਘ ਜਰਮਨੀ, ਹਰਜਿੰਦਰ ਸਿੰਘ ਦਲਗੀਰ ਨੂੰ, ਪੰਜਾਬ ਵਿਚ ਇਸ ਅਖਬਾਰ ਦੇ ਹੋਰ 6 ਪੱਤਰਕਾਰਾਂ ਨੂੰ ਅਤੇ ਇਸ ਅਖਬਾਰ ਦੇ ਵਦੇਸ਼ਾਂ ਵਿਚ 12 ਪੱਤਰਕਾਰਾਂ ਤੱਕ ਪਹੁੰਚਦੇ ਕੀਤੇ, ਜਿਥੇ ਇਹ ਦਸਤਾਵੇਜ਼ ਸ਼ਰੋਮਣੀ ਕਮੇਟੀ, ਪੰਜਾਂ ਤਖਤਾਂ ਦੇ ਇਸ ਦੇ ਬਿਪਰਣ ਔਲਾਦ ਬਾਦਲਕਿਆਂ ਦੇ ਜਥੇਦਾਰਾਂ, ਟਕਸਾਲਾਂ, ਅਖੰਡ ਕੀਰਤਨੀ ਜਥਿਆਂ ਅਤੇ ਹੋਰ ਵੱਡੇ ਨਾਮ ਸੰਸਥਾਵਾਂ ਨੂੰ, ਜਥੇਬੰਦੀਆਂ ਪਹੁੰਚਾਏ ਗਏ, ਉਥੇ ਪੰਜਾਬੀ ਯੂਨੀਵਰਸਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸੀ ਅੰਮ੍ਰਿਤਸਰ ਅਤੇ ਦੇਸ਼ ਵਿਦੇਸ਼ ਅਣਗਿਣਤ ਸਿਖ ਧਰਮ ਨਾਲ ਸਬੰਧਤ ਵੱਡੇ ਨਾਮ ਸੰਸਥਾਵਾਂ, ਜਥੇਬੰਦੀਆਂ, ਅਖਬਾਰਾਂ ਅਤੇ ਰਸਾਲਿਆਂ ਦੇ ਸਿਖ ਨਾਮ ਅਤੇ ਸਿਖ ਸਰੂਪ ਮਾਲਕ ਅਤੇ ਅਡੀਟਰ ਸਹਿਬਾਨਾਂ ਨੂੰ ਵੀ ਭੇਜੇ ਗਏ ਅਤੇ ਸੰਗਤ ਦੀ ਜਾਣਕਾਰੀ ਲਈ ਜਰਮਨੀ ਤੋਂ ਛਪਦੇ ਇੰਟਰਨੈਟ ਅਖਬਾਰ www.mediapunjab.com ਤੇ ਹੋਏ। ਇਹ ਹੁਣ ਗੁਰੂ ਮਹਾਰਾਜ ਨੇ ਸਾਡਾ ਪੰਥ ਵਿਚ ਹੋਕਾ ਕਰ ਦਿੱਤਾ। ਕੋਈ ਸਿਖ ਸੰਸਥਾ ਜਾਂ ਸੰਗਤ ਵਿਚੋਂ ਸਿਖ, ਇਸ ਨੂੰ ਗਲਤ ਜਾਂ ਇਸ ਵਿਚ ਸੋਧ ਦਾ ਦਾਹਵਾ, ਇਸ ਸਭ ਉਪਰ ਕਿਸੇ ਹੋਰ ਗੁਰਮਤਿ ਦਲੀਲ ਦੁਆਰਾ ਲਿਖਤੀ ਲੈ ਆ ਸਕਦਾ ਸੀ। ਇਹ ਦਾਹਵਾ ਲੈ ਕੇ ਜਿ ਕਿਸੇ ਗੁਰਸਿਖ ਅਤੇ ਗੁਰਸਿਖ ਸੰਸਥਾ ਨੇ ਆ ਸਕਣਾਂ ਸੀ ਤਾਂ ਇਹ ਉਹ ਹੀ ਹੋ ਸਕਣੇ ਸਨ ਜਿਨਾਂ ਨੇ ਮਾਨਸ ਦੀ ਜਾਤ ਨੂੰ ਇਕ ਪਹਿਚਾਣਨ ਦੇ ਸਭ ਤੋਂ ਪਹਿਲੇ ਗੁਰੂ ਹੁਕਮ ਨੂੰ ਮੰਨਿਆਂ ਪਲੇ ਕੀਤਾ ਹੋਇਆ ਹੋਣਾਂ ਸੀ। ਇਸ ਪਰਖ ਲਈ ਹੀ ਕਰਤੇ ਨੇ ਇਨਾਂ ਦਸਤਾਵੇਜ਼ਾਂ ਅੱਗੇ ਨਾਮ ਅਤੇ ਸ਼ਕਲ ਦਰਵਾਜੇ ਖੜ੍ਹੀ ਕਰ ਦਿੱਤੀ ਗਈ ਸੀ।

**'ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਸਿਖ ਜਾਂ ਸਾਕਤ? '** ਆਖਰੀ ਦਸਤਾਵੇਜ਼ ਸੰਗਤ ਵਿਚ ਆ ਜਾਣ ਮਗਰੋਂ ਵੀ ਇਕ ਵੀ ਸਿਖ ਸੰਥਥਾ ਜਾਂ ਸਿਖ, ਗੁਰਬਾਣੀ ਅਨੁਸਾਰ ਸਿਖ ਦੀ ਪ੍ਰੀਭਾਸ਼ਾ ਤੋਂ ਹੁਣ ਤੱਕ ਤੇ ਕੋਈ ਸੋਧ ਵਿਚਾਰ ਲਈ ਲਈ ਨਹੀਂ ਆਇਆ।

ਹਾਂ ਘਰ ਵਾਪਸ ਪਰਤ ਆਏ ਸਾਡੇ ਪਿਆਰੇ ਭੈਣ ਜੀ ਅਤੇ ਵੀਰ ਜੀ, ਤੁਸਾਂ ਸੱਚ ਫਰਮਾਇਆ ਹੈ ਕਿ "ਸਾਡੇ ਹੀ ਭੇਖ ਚ ਸਾਡਾ ਦੁਸ਼ਮਣ ਸਾਡੇ ਕਿਲੇ ਅੰਦਰ ਦਾਖਲ ਹੋ ਚੁੱਕਾ ਹੈ।" ਬਿਪਰਨ ਤਖਤ ਵੱਲੋਂ ਪੰਥ ਵਿਚ ਅਪਣੀ ਸਿਖ ਸਰੂਪ ਕਰਕੇ ਵਾੜੀ ਹੋਈ ਔਲਾਦ ਨੂੰ ਪੰਥ ਵਿਚ ਗੁਰਸਿਖਾਂ ਦਾ ਪੈਦਾ ਹੋ ਜਾਣਾਂ ਮਨਜੂਰ ਨਹੀਂ ਹੈ।

ਆਖਰੀ ਲਿਖਤ **'ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਸਿਖ ਜਾਂ ਸਾਕਤ? '** ਛਪਕੇ ਸੰਗਤ ਵਿਚ ਹੋ ਜਾਣ ਮਗਰੋਂ ਇਕ, ਜਿਸ ਵਲੋਂ ਗੁਰਮਤਿ ਨਾਮ ਤੇ ਇਥੇ ਪਹਿਲੋਂ ਹੀ ਇਕ ਜਥੇਬੰਦੀ ਹੋਣ ਦੇ ਬਾਵਯੂਦ ਇਸ ਨਾਮ ਤੋਂ ਸ਼ੁਰੂ ਜਥੇਬੰਦੀ ਬਣਾਈ ਹੋਈ ਹੈ, ਇਕ ਖਤ ਦੁਆਰਾ ਗੁਰਦੁਆਰਿਆਂ ਵਿਚ ਗੁਰਮਤਿ ਦੇ ਹੋ ਰਹੇ ਅਪਮਾਨ ਦੇ ਖਿਲਾਫ ਆਵਾਜ਼ ਉਠਾਉਣ ਲਈ, ਵਧਾਈ ਦੇਂਦਾ ਹੈ। ਫਿਰ ਇਕ ਸਿਖ ਸਰੂਪ ਪ੍ਰਾਣੀ ਦੇ ਕੀਤੇ ਹੋਏ ਧੰਨਵਾਦ ਦੇ ਸੱਚ ਨੂੰ ਖਿਆਲ ਦੱਸਕੇ ਇਸ ਨੂੰ ਨਾ ਦਰੁਸਤ, ਨਾ ਮੰਨਣ ਯੋਗ ਐਲਾਨਦਾ ਹੈ। ਫਿਰ ਉਸ ਪ੍ਰਾਣੀ ਦੀਆਂ ਚੁਗਲੀਆਂ ਲਿਖਣ ਲੱਗ ਪੈਂਦਾ ਹੈ। ਇਸ ਦੀ ਬਜਾਏ ਕਿ ਸਿਧਾ, ਉਸ ਕੋਲ ਜਾਣ ਜਾਂ ਜਾਂਦੇ ਰਹਿਣ ਦੇ, ਜਿਸ ਦੀਆਂ ਉਹ ਸਾਨੂੰ ਖਤ ਵਿਚ ਚੁਗਲੀਆਂ ਲਿਖਦਾ ਹੈ। ਫਿਰ ਆਪਹੀ ਜਿਸ ਦੀਆਂ ਇਹ ਚੁਗਲੀਆਂ ਨਿੰਦਾਂ ਕਰਦਾ ਹੈ, ਉਸੇ ਦਾ ਹੀ ਧੰਨਵਾਦ ਕਰਦਾ ਹੈ, ਉਸ ਵਲੋਂ ਆਪਣੀ ਅਖਬਾਰ ਵਿਚ ਇਨਾਂ ਦੀ ਇਕ ਲਿਖਤ ਛਾਪੀ ਹੋਣ ਕਰਕੇ।

ਵੱਡੇ ਨਾਮ ਗੁਰਮਤਿ ਜਥੇਬੰਦੀ ਦੇ ਸਿਖ ਸਰੂਪ ਮੁਖੀ ਵੀਰ ਦੀ ਸਿਖੀ ਵੇਖੋ ਕਿ ਜਿਸ ਇਨਸਾਨ ਦਾ ਇਨਾਂ ਵਲੋਂ, ਇਨਾਂ ਦੀ ਇਕ ਲਿਖਤ ਨੂੰ ਅਖਬਾਰ ਵਿਚ ਛਾਪ ਦੇਣ ਲਈ ਧੰਨਵਾਦ ਕਰਨਾਂ ਤਾਂ ਇਨਾਂ ਨੂੰ ਚੰਗਾ ਲੱਗਦਾ ਹੈ। ਜਦ ਕਿ ਸਾਡੇ ਵਲੋਂ ਉਸੇ ਇਨਸਾਨ ਦਾ ਧੰਨਵਾਦ ਕਈ ਲਿਖਤਾਂ ਨੂੰ ਛਾਪਣ ਕਰਕੇ ਵੀ ਨਾ ਕੀਤਾ ਸੰਸਾਰ ਤੇ ਮਿਲਦਾ ਹੈ। ਜਿਸ ਇਨਸਾਨ ਦਾ ਧੰਨਵਾਦ ਇਹ ਆਪਣੀ ਲਿਖਤ ਨੂੰ ਛਾਪਣ ਲਈ ਕਰਦੇ ਹਨ, ਅਸਾਂ ਉਸ ਦਾ ਧੰਨਵਾਦ, ਸਾਡੇ ਗੁਰੂ ਘਰ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਲਾਈਆਂ ਤਸਵੀਰਾਂ ਦੇ ਖਿਲਾਫ ਆਵਾਜ ਓਠਾਣ ਕਰਕੇ ਕੀਤਾ, ਉਸ ਧੰਨਵਾਦ ਨੂੰ ਮਾੜਾ ਦੱਸਕੇ, ਨਿੰਦ ਰਹੇ ਨੇ। ਕੇਹੀ ਕਲਜੁਗ ਦੀ ਰੀਤ ਕਿ ਸਿਖ ਸਰੂਪ ਵਾਲਿਆਂ ਨੂੰ ਆਪਣੀ ਕਿਸੇ ਲਿਖਤ ਨੂੰ ਛਾਪ ਦੇਣ ਬਦਲੇ ਇਨਸਾਨ ਦਾ ਧੰਨਵਾਦ ਕਰਨਾਂ ਤਾਂ ਚੰਗਾ ਲਗਦਾ ਹੈ ਪਰ ਆਪਣੇ ਗੁਰਦੁਆਰੇ ਹੋ ਰਹੀ ਬਿਪਰਨ ਰੀਤ ਦੇ ਖਿਲਾਫ ਆਵਾਜ ਉਠਾਉਣ ਵਾਲੇ ਇਨਸਾਨ ਦਾ ਕੀਤਾ ਧੰਨਵਾਦ ਮਾੜਾ ਲਗਦਾ ਹੈ। ਸਿਖ ਸਰੂਪ ਵਿਚ ਖੁਦਗਰਜ ਸਾਕਤ ਆਪਣੀ ਲਿਖਤ ਬਦਲੇ ਇਨਸਾਨ ਦੇ ਧੰਨਵਾਦ ਨੂੰ ਉਚਾ ਸਿਧ ਕਰ ਰਿਹਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਪਮਾਨ ਦੇ ਖਿਲਾਫ ਉਠਾਈ ਆਵਾਜ ਬਦਲੇ, ਇਸ ਤੁਛ ਗੁਰਸਿਖ ਕਾਫਲੇ ਦੇ ਧੰਨਵਾਦ ਨੂੰ ਮਾੜਾ ਐਲਾਨਕੇ ਨਿੰਦਾ ਕਰ ਰਿਹਾ ਹੈ।

ਜਿਨਾਂ ਅੱਗੇ ਗੁਰਦੁਆਰੇ ਹੋ ਰਹੀ ਬਿਪਰਨ ਰੀਤ ਦੇ ਖਿਲਾਫ ਆਵਾਜ ਉਠਾਈ ਉਹ ਜਿੰਦਾ, ਜਿਸ ਨੇ ਇਹ ਅਵਾਜ ਉਠਾਈ ਅਤੇ ਇਸ ਵਾਰੇ ਜਿਸ ਨੂੰ ਦੱਸਿਆ ਉਹ ਜਿੰਦਾ। ਹੋਏ ਇਸ ਸੱਚ ਨੂੰ ਖਿਆਲ ਅਤੇ ਝੂਠਾ ਕਿਸ ਕਾਰਣ ਇਹ ਨਹੀ ਕਹਿ ਸਕਦੇ, ਇਹ ਬਿਆਨ ਦਿੱਤਾ:

ਤਿੰਨਾਂ ਚੋਂ ਭੌਤਕ ਸਰੀਰ ਸਿਰਫ ਦੋ ਹੀ ਹਨ, ਇਕ ਇਹ ਪ੍ਰਾਣੀ ਦੂਜੇ ਭਾਈ -----ਸਿੰਘ। ਸਿਰਫ ਤੇ ਸਿਰਫ ਇਹ ਦੋ ਹੀ ਜਾਂ ਇਨਾਂ ਦੋਨਾਂ ਵਿਚੋਂ ਇਕ ਹੀ ਆਪਣੇ ਦਰਮਿਆਨ ਹੋਏ ਦੇ ਬਖਿਆਨ ਸੱਚ ਨੂੰ ਰੱਦ ਕਰਕੇ ਇਹ ਗਲਤ, ਬੀਮਾਰ ਦਿਮਾਗ ਦੀ ਉਪਜ ਬੇਯਕੀਨਾ ਖਿਆਲ ਜੋ ਕਿਸੇ ਵੀ ਤਰਾਂ ਨਾ ਦਰੁਸਤ ਲਿਖ ਹੋਇਆ ਐਲਾਨ ਕਰ ਸਕਣ ਵਾਲਾ ਹੋ ਸਕਦੇ ਹਨ। ਨਾ ਕਿ ਕੋਈ ਹੋਰ ਤੀਸਰਾ ਜਿਵੇਂ ਤੁਸੀਂ ਅੱਤ ਵੱਡੇ ਨਾਮ ਗੁਰਮਤਿ ਸੰਚਾਰ ਸਭਾ (ਜਰਮਨੀ) ਦੇ ਸੰਚਾਲਕ ਵੱਡੀ ਮੱਤ ਗੁਰਸਿਖ ਕਿਰਦਾਰ ਵੀਰੋ, ਜਾਂ ਕੋਈ ਹੋਰ ਸੰਸਾਰ ਬਸ਼ਿੰਦਾ।

ਦਲੀਲ ਦਾ ਜਬਾਬ ਦਲੀਲ ਨਾਲ ਦੇਣ ਜਾਂ ਅਨਿਆਈ ਕਹੇ ਦਾ ਅਹਿਸਾਸ ਕਰ ਜਾਣ ਦੀ ਥਾਂ, ਦੂਜੇ ਖਤ ਵਿਚ ਕ੍ਰੋਧ ਅਤੇ ਕੂੜ ਦਾ ਮੁਰਦਾਰ ਖਾਕੇ ਝੂਠ ਬੋਲਣ ਵਾਲੇ ਸਿਖ ਸਰੂਪ ਵਿਚ ਬਿਪਰਨ ਦੀ ਔਲਾਦ ਪਾਂਡੇ, ਦਿਨ ਨੂੰ ਰਾਤ ਕਹਿਣੋਂ ਨਾ ਟਲਦੇ ਹੋਏ, ਗੁਰਦੁਆਰੇ ਹੋ ਰਹੀ ਬਿਪਰਨ ਰੀਤ ਦੇ ਖਿਲਾਫ ਆਵਾਜ ਉਠਾਉਣ ਵਾਲੇ ਇਨਸਾਨ ਦਾ ਕੀਤਾ ਧੰਨਵਾਦ ਮਾੜਾ ਆਖ ਨਿੰਦਣੋਂ ਨਾ ਹਟੇ। ਹੂਬਹੂ ਇਨਾਂ ਦੇ ਹਰਫ: ਤੁਹਾਡੀ ਉਹ ਗੱਲ ਝੂਠੀ ਲਗਦੀ ਹੈ ਕਿ ----ਸਿੰਘ ਨੇ ਵੀ ਤੁਹਾਡੇ ਗੁਰਦਵਾਰੇ ਵਿਚੋਂ ਫੋਟੋਆਂ ਉਤਰੌਣ ਬਾਰੇ ਮਸਲੇ ਵਿਚ ਤੁਹਾਡੇ ਸੁਝਾ ਨਾਲ ਹਾਮੀ ਭਰੀ ਹੋਵੇ।

ਫਿਰ ਅੱਤ ਵੱਡਾ ਨਾਮ ਵਾਲਿਆਂ ਨੂੰ ਬੇਨਤੀ ਸੀ ਕਿ ਉਹ ਦੱਸਣ ਕਿ ਉਨਾਂ ਗੁਰੂ ਘਰ ਹੋ ਰਹੇ ਅਪਮਾਨ ਨੂੰ ਵੇਖਕੇ ਕੀ ਕੀਤਾ ਹੈ? ਜੇ ਤੁਸਾਂ ਵੀ ਗੁਰੂ ਅਪਮਾਨ ਵੇਖਕੇ ਇਸ ਦੇ ਖਿਲਾਫ ਆਵਾਜ ਉਠਾਈ ਹੈ ਤਾਂ ਦੱਸੋ, ਤੁਸਾਂ ਦੇ ਘਰ ਆ ਤੁਸਾਂ ਦੇ ਚਰਨਾਂ ਦੀ ਧੂੜ ਮਸਤਕ ਲਾਈਏ ਅਤੇ ਸ਼ਾਬਾਸ਼ ਕਹੀਏ, ਤੁਸਾਂ ਬਣਦੇ ਗੁਰਸਿਖ ਕਿਰਦਾਰ ਨੂੰ ਨਿਭਾਇਆ ਹੈ। ਜੇ ਅਜਿਹਾ ਤੁਸਾਂ ਵਲੋਂ

ਰਹਿ ਗਿਆ ਹੈ ਤਾਂ ਪਛਤਾਵੇ ਦੀ ਅਰਦਾਸ ਦੁਆਰਾ ਗੁਰੂ ਨਾਲ ਨਵੀਂ ਸ਼ੁਰੂਆਤ ਕਰਕੇ ਆਉਣ ਉਤੇ ਹੀ ਤੁਸਾਂ ਨਾਲ ਭਵਿਖ ਵਿਚ ਵਿਚਾਰਾਂ ਦੀ ਸਾਂਝ ਰਹਿ ਸਕਣੀ ਹੈ। ਹੁਬਹੂ:

ਦਾਸ ਨਹੀਂ ਜਾਣਦਾ ਕਿ ਗੁਰਮਤਿ ਸੰਚਾਰ ਸਭਾ (ਜਰਮਨੀ) ਦਾ ਮੁਖੀ, ਕੋਈ ਹੋਰ ਸੇਵਾਦਾਰ ਜਾਂ ਮੈਂਬਰ, ਜੂਨ 2008 ਤੋਂ 12 ਸਤੰਬਰ 2009 ਤੱਕ ਫਰੰਕਫੁਰਟ ਗੁਰਦੁਆਰੇ (ਗੁਰੂਘਰ ਨਹੀ) ਵਿਚ ਗਿਆ ਜਾਂ ਨਹੀ ਗਿਆ। ਜੇ ਕੋਈ ਤੁਸਾਂ ਵਿਚੋਂ ਇਸ ਸਮੇਂ ਦਰਮਿਆਨ ਨਹੀਂ ਗਿਆ, ਤੁਸੀਂ ਵੱਡੇ ਵੱਡਭਾਗੀ, ਗੁਰਮਤਿ ਦੇ ਉਲਟ ਹੁੰਦੀ ਬਿਪਰਨ ਰੀਤ ਨੂੰ ਵੇਖਣੋਂ ਬਚ ਗਏ ਹੋ। ਜੇ ਇਕ ਵਾਰੀ ਗਏ ਤੇ ਬਿਪਰਨ ਰੀਤ ਵੇਖ ਕੇ ਇਸ ਨੂੰ ਬੰਦ ਕਰਣ ਦੀ ਨਿਮਰਤਾ ਸਹਿਤ ਬੇਨਤੀ ਕਰ ਦਿੱਤੀ, ਹੋਰ ਵੀ ਵੱਡੇ ਵੱਡਭਾਗੀ ਜੋ ਗੁਰੂ ਅਸਰੇ ਬਣਦਾ ਸੱਚ ਸੁਣਾਇਆ ਹੈ। ਇਸ ਮਗਰੋਂ ਗੁਰਸਿਖ ਕਿਰਦਾਰ ਅਨੁਸਾਰ ਜਿਹੜਾ ਸਿਖ ਦਾ ਨਿਤਰਨਾ ਬਣਦਾ ਸੀ, ਵੀ **'ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਸਿਖ ਜਾਂ ਸਾਕਤ?'** ਵਿਚ ਦਰਜ ਹੈ। ਜੇ ਅਜਿਹਾ ਗੁਰਸਿਖਾਂ ਦਾ ਨਿਤਰਨਾਂ ਤੁਸਾਂ ਵਲੋਂ ਜੂਨ 2008 ਤੋਂ 12 ਸਤੰਬਰ 2009 ਦਰਮਿਆਨ ਇਕ ਵਾਰ ਫਰੰਕਫੁਰਟ ਗੁਰਦੁਆਰੇ (ਗੁਰੂਘਰ ਨਹੀਂ) ਆਉਣ ਮਗਰੋਂ ਹੋਇਆ ਹੈ ਤਾਂ ਲਿਖਕੇ ਭੇਜੋ। ਤੁਸਾਂ ਆਪਣੇ, ਸਾਡੇ ਗੁਰੂ ਅਨੁਸਾਰ ਬਣਦੇ ਸਿਖ ਕਿਰਦਾਰ ਨੂੰ ਨਿਭਾਇਆ ਹੈ। ਸਤਿਕਾਰ ਵਜੋਂ ਤੁਸਾਂ ਦੀ ਚਰਨਛੋਹ ਨੂੰ ਮਸਤਕ ਨਾਲ ਲਾਉਣ ਲਈ ਤੁਸਾਂ ਕੋਲ ਚੱਲ ਆਵਾਂਗਾ। ਜੇ ਵੀਰੋ ਗੁਰਮਤਿ ਉਲਟ ਕਾਰ ਦੇ ਖਿਲਾਫ 'ਕਹਿਣੀ' ਦੇ ਮਗਰੋਂ 'ਕਰਣੀ' ਗੁਰਸਿਖ ਕਿਰਦਾਰ ਅਨੁਸਾਰ ਨਿਤਰਨਾਂ ਖੁੰਝ ਚੁੱਕੇ ਹੋ ਤਾਂ ਕਿਹੜੀ ਨਵੀਂ ਸ਼ੁਰੂਆਤ ਹੋ ਸਕਦੀ ਹੈ ਵੀ **'ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਸਿਖ ਜਾਂ ਸਾਕਤ? '** ਵਿਚ ਦਰਜ ਹੈ। ਮੁੜ ਤੋਂ ਨਵੀਂ ਸ਼ੁਰੂਆਤ ਕਰ ਲਈ ਦਾ ਸੁਖ ਸੁਨੇਹਾ ਲੈ ਆਉਣ ਮਗਰੋਂ ਹੀ ਭਵਿਖ ਵਿਚ ਵਿਚਾਰ ਸਾਂਝੇ ਹੋ ਸਕਣ ਲਈ ਸੰਪਰਕ ਰਹਿ ਸਕਦਾ ਹੈ।

ਇਸ ਮੰਗੇ ਦਾ ਜਬਾਬ ਇਹ ਮਿਲਦਾ ਹੈ: "ਗੁਰਦਵਾਰੇ ਦੀਆਂ ਫੋਟੋਆਂ ਦੇ ਮਾਮਲੇ ਦਾ ਅਸਲ ਕਾਰਣ ਪਾਰਟੀ ਖੇਹਬਾਜੀ ਹੈ, ਭਾਵ ਇਕ ਹੱਕ ਵਿਚ ਤੇ ਦੂਜੀ ਵਿਰੋਧ ਵਿਚ।"

ਇਹ ਉਹ ਹਨ ਜਿਨਾਂ ਨੇ ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦੇ ਹੁਕਮਨਾਮੇ ਨੂੰ ਭਾਰਤ ਜਾਣ ਦੀ ਖੁਲ੍ਹ ਬਦਲੇ ਪਹਿਲੋਂ ਹੀ ਠੁਕਰਾਇਆ ਹੋਇਆ ਹੈ ਅਤੇ ਅੱਤ ਪੰਥ ਦੋਖੀ ਬਿਪਰਣ ਤਖਤ ਦੀ ਗੁਲਾਮੀ ਨੂੰ ਸਵਿਕਾਰ ਕੀਤਾ ਹੋਇਆ ਹੈ। ਜਿਸ ਕਰਕੇ ਹੀ ਜੂਨ ਚੌਰਾਸੀ ਤੋਂ 2004 ਦੇ ਦਰਮਿਆਨ ਇਥੇ ਕੀਤੇ ਕਿਸੇ ਰੋਸ ਮੁਜਾਹਰੇ ਵਿਚ ਸ਼ਾਮਲ ਹੋਣ ਨੂੰ, ਇਨਾਂ ਆਪਣੇ ਲਈ ਗੁਨਾਹ ਸਮਝੀ ਰੱਖਿਆ ਅਤੇ ਫਖਰ ਨਾਲ ਜੂਨ ਚੋਰਾਸੀ ਦੇ ਸ਼ਹੀਦਾਂ ਦੇ ਮੁਖੀ ਸ਼ਹੀਦ ਸੰਤ ਸਿਖ ਖਾਲਸੇ ਜਰਨੈਲ ਦੇ ਨਿੰਦਕਾਂ ਦੇ ਟੋਲੇ ਵਿਚ ਖੜ੍ਹੇ ਹਨ।

**ਨਿੰਦਕ ਕੀ ਪ੍ਰਭਿ ਪਤਿ ਗਵਾਈ ॥ ਨਾਨਕ ਹਰਿ ਗੁਣ ਨਿਰਭਉ ਗਾਈ ॥** (ਗੁਰਬਾਣੀ ਪੰਨਾਂ 202-203)

**ਸੰਤ ਕੇ ਨਿੰਦਕ ਕਉ ਸਰਬ ਰੋਗ ॥ ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥** ( ਪੰਨਾਂ 280)

ਇਹ ਇਕੋ ਇਕ ਹੋਏ ਨੇ ਸੰਸਾਰ ਤੇ ਸਿਖ ਸਰੂਪ ਵਾਲੇ ਜਿਹੜੇ ਪਹਿਲੇ ਖਤ ਵਿਚ **'ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਸਿਖ ਜਾਂ ਸਾਕਤ?'** ਲਈ ਵਧਾਈ ਦੇਂਦੇ ਨੇ। ਜਿਸ ਵਿਚ ਅਦਾਲਤ ਅੱਗੇ ਰੱਖੇ ਗੁਰਬਾਣੀ ਅਨੁਸਾਰ ਸਿਖ ਦੀ ਪ੍ਰੀਭਾਸ਼ਾ ਵਾਲੇ ਦਸਤਾਵੇਜਾਂ ਦਾ ਪਹਿਲੋਂ ਬਿਆਨਿਆਂ ਇਹ ਤੱਤ ਸਾਰ ਵੀ ਅੰਕਤ ਹੈ:

"ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਵ ਗੁਰਬਾਣੀ ਵਿਚ ਦਰਜ ਸਮੂਹ ਕਰਨ ਅਤੇ ਤਿਆਗਣ ਗੁਰੂ ਹੁਕਮਾਂ ਨੂੰ ਸੱਭ ਸਿਖਾਂ ਨੇ ਮੰਨਣਾਂ ਹੀ ਸਿਖ ਦੀ ਪ੍ਰੀਭਾਸ਼ਾ, ਪਹਿਚਾਣ ਅਤੇ ਰਹਿਤ ਮਰਯਾਦਾ ਹੈ। "

"ਜਿਵੇਂ ਗੁਰਬਾਣੀ ਵਿਚ ਦਰਜ ਸਮੂਹ ਹੁਕਮਾਂ ਵਿਚੋਂ ਦੋ, ਇਕ ਕੇਸਾਧਾਰੀ ਦਸਤਾਰਧਰਾ ਅਤੇ ਦੂਜਾ ਅੰਮ੍ਰਿਤ ਦਾਤ ਦਾ ਭਾਗੀ ਹੋਏ ਬਿਨਾਂ ਕੋਈ ਗੁਰੂ ਦਾ ਸਿਖ ਨਹੀਂ ਹੋ ਸਕਦਾ ਇਵੇਂ ਹੀ ਇਹ ਦੋ ਹੁੰਦਿਆਂ, ਬਾਕੀ ਗੁਰੂ ਹੁਕਮਾਂ ਵਿਚੋਂ, ਜਾਣੇ ਇਕ ਨੂੰ ਵੀ ਠੁਕਰਾਣ ਵਾਲਾ ਕੋਈ, ਗੁਰੂ ਦਾ ਸਿਖ ਰਹਿ ਨਹੀਂ ਸਕਦਾ। "

ਇਹ ਇਕੋ ਇਕ ਸਿਖ ਸਰੂਪ ਵਾਲੇ ਹੋਏ ਜਿਹੜੇ ਪਹਿਲੇ ਖਤ ਵਿਚ **'ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਸਿਖ ਜਾਂ ਸਾਕਤ? '** ਲਈ ਵਧਾਈ ਦੇਂਦੇ ਨੇ ਤੇ ਫਿਰ ਉਹ ਹੀ ਕੋਈ ਰੱਖੀ ਆਸ ਨਾ ਪੂਰੀ ਹੁੰਦੀ ਵੇਖ, ਦੂਜੇ ਖਤ ਵਿਚ ਸੱਭ ਸਾਹਮਣੇਂ ਪਏ ਗੁਰਬਾਣੀ ਅਨੁਸਾਰ ਸਿਖ ਦੀ ਪ੍ਰੀਭਾਸ਼ਾ ਦੇ ਦਸਤਾਵੇਜਾਂ ਵਿਚ ਦਰਜ ਉਪਰ ਰੌਸ਼ਣ ਸੱਚ ਦੇ ਤੱਤ ਸਾਰ ਨੂੰ ਵੇਖਦੇ ਹੋਏ ਵੀ ਅੰਨੇ ਸਾਕਤ ਹੋ, ਕੂੜ ਦਾ ਮੁਰਦਾਰ ਖਾਕੇ ਰੱਜ, ਦਿਨ ਨੂੰ ਰਾਤ ਕਹਿੰਦੇ ਇਨਾਂ ਹਰਫਾਂ ਦੁਆਰਾ ਝੂਠੀ ਨਿੰਦਾ ਤੇ ਉਤਰਨ ਲੱਗਿਆਂ ਮਾੜੀ ਵੀ ਸ਼ਰਮ ਹਿਆ ਨਹੀਂ ਕਰ ਰਹੇ:

"ਪੰਜਾਬ ਹਾਈ ਕੋਰਟ ਦਾ ਤਾਂ ਫੈਸਲਾ ਵੀ ਹੁਣ ਤੁਹਾਡੇ ਵਰਗਿਆਂ ਨੂੰ ਸਿਖੀ ਵਿਚੋਂ ਬੇਦਖਲ ਕਰਕੇ ਬੇਸ਼ਰਮ ਕਹਿ ਰਿਹਾ ਹੈ।" ਭਾਵੇਂ ਜੁਗਿੰਦਰ ਸੁੰਹ ਨੇ ਹੋਕਾ ਦੇਕੇ ਇਹ ਗੱਲ ਆਪਣੀ ਅਖਬਾਰ ਦੇ ਪਾਠਕਾਂ ਤੋਂ ਛੁਪਾ ਲਈ ਸੀ ਕਿ ਹਾਂ ਉਸ ਵਲੋਂ ਦਿੱਤੇ ਹੋਕੇ ਨੂੰ ਸੁਣਕੇ ਕੋਈ ਸਿਖ ਦੀ ਪ੍ਰੀਭਾਸ਼ਾ ਲੈਕੇ ਸ਼ਰੋਮਣੀ ਕਮੇਟੀ ਦੀ ਮੱਦਦ ਲਈ ਉਤਰਿਆ ਹੈ ਪਰ ਉਹ ਵੀ ਜਾਂ ਸ਼ਰੋਮਣੀ ਕਮੇਟੀ ਵੀ ਉਨਾਂ ਅੱਗੇ ਰੱਖੀ ਗੁਰਬਾਣੀ ਅਨੁਸਾਰ ਸਿਖ ਦੀ ਪ੍ਰੀਭਾਸ਼ਾ ਨੂੰ ਗਲਤ ਐਲਾਨਣ ਲਈ ਕੂੜ ਦਾ ਸਹਾਰਾ ਲੈ ਲੈਣ ਦਾ ਕੁਕਰਮ ਨਾ ਕਰ ਸਕੇ। ਜੋ ਜਰਮਨੀ ਵਿਚ ਵੱਡੇ ਨਾਮ ਗੁਰਮਤਿ ਨਾ ਤੇ ਸਥਾਪਤ ਜਥੇਬੰਦੀ ਦੇ ਪ੍ਰਧਾਨ ਵਲੋਂ, ਗੁਰਬਾਣੀ ਅਨੁਸਾਰ ਬਣਦੀ, ਅਦਾਲਤ ਅੱਗੇ ਰੱਖੀ ਸਿਖ ਦੀ ਪ੍ਰਭਾਸ਼ਾ ਦੇ ਸਾਕਤ ਹੋ, ਕੂੜ ਦੇ ਸਹਾਰੇ ਝੂਠੇ ਅਰਥ ਕਰਨ ਦਾ ਕੁਕਰਮ ਕੀਤਾ ਹੈ। ਇਹ ਕੁਕਰਮ ਤਾਂ ਹੁਣ ਤੱਕ ਸੰਸਾਰ ਦਾ ਕੋਈ ਹੋਰ ਇਨਸਾਨ ਕਰ ਹੀ ਨਹੀਂ ਨਹੀਂ ਸਕਿਆ। ਵੱਡੇ ਨਾਮ ਗੁਰਮਤਿ ਨਾ ਤੇ ਸਥਾਪਤ ਜਥੇਬੰਦੀ ਦੇ ਪ੍ਰਧਾਨ ਵਰਗਾ ਮੂਲੋਂ ਮਰ ਚੁੱਕੀ ਜਮੀਰ ਵਾਲਾ ਤਾਂ ਇਨਾਂ ਦਾ ਮਾਲਕ ਜਾਂ ਨਾ ਮਾਲਕ ਜੁਗਿੰਦਰ ਸੁੰਹ ਵੀ ਜਾਂ ਸ਼ਰੋਮਣੀ ਕਮੇਟੀ ਵੀ ਆਪਣੇ ਆਪਨੂੰ ਸਾਬਤ ਨਾ ਕਰ ਸਕੇ ਸਾਡੇ ਵਲੋਂ ਗੁਰਬਾਣੀ ਅਨੁਸਾਰ ਬਣਦੀ ਸਿਖ ਦੀ ਪ੍ਰੀਭਾਸ਼ਾ ਦੇ ਦਸਤਾਵੇਜ਼ ਮਿਲਣ ਉਤੇ, ਕੁਝ ਦੇਰ ਲਈ ਖਾਮੋਸ਼ੀ ਧਾਰਨ ਮਗਰੋਂ ਜਦੋਂ ਜੁਗਿੰਦਰ ਸੁੰਹ ਚੁੱਪ ਤੋੜਦਾ ਹੈ ਤਾਂ ਉਸ ਅੱਗੇ ਰੱਖੀ ਸਿਖ ਦੀ ਪ੍ਰੀਭਾਸ਼ਾ ਅਨੁਸਾਰ ਹੀ ਗੁਰੂ ਦੇ, ਭਾਵ ਸ਼ਬਦ ਗੁਰੂ ਗੁਰਬਾਣੀ ਵਿਚ ਦਰਜ ਸਮੂਹ ਹੁਕਮਾਂ ਨੂੰ ਮੰਨਣ ਵਾਲਾ ਹੀ ਸਿਖ, ਗੁਰਮਤਿ ਅਨੁਸਾਰ ਨਾ ਸਹਿਜਧਾਰੀ ਹਰਫ ਅਤੇ ਨਾ ਸਹਿਜਧਾਰੀ ਸਿਖ ਹੋਣਾਂ ਐਲਾਨਦਾ ਹੈ ਅਤੇ ਬਾਕੀ ਸਮੂਹ ਹੁਕਮਾਂ ਨੂੰ ਮੰਨਕੇ ਤੁਰੇ ਪਰ ਸ਼ਕਲੋਂ ਅਪੂਰਨ ਸੂਰਤ ਵਾਲੇ ਨੂੰ ਕੀ ਪਤਿਤ ਕਹਿੰਦੇ ਰਹਿਣਾਂ ਹੈ, ਫੈਸਲਾ ਸਿਖ ਵਿਦਵਾਨਾਂ ਤੇ ਛੱਡਦਾ ਹੈ। ਪਰ ਇਥੇ ਸਾਡੇ ਵਲੋਂ ਇਸ ਅੱਗੇ ਰੱਖੇ ਦਸਤਾਵੇਜ਼ ਵਿਚ ਇਸ ਗੁਰਮਤਿ ਸੱਚ ਨੂੰ ਆਪਣੇ ਕੁਕਰਮਾਂ ਕਰਕੇ ਦੁਹਰਾਉਣੋ ਡਰ ਜਾਂਦਾ ਹੈ ਕਿ ਸਿਖ ਸਰੂਪ ਅਤੇ ਅੰਮ੍ਰਿਤ ਦੀ ਦਾਤ ਹੁੰਦਿਆਂ ਵੀ ਜੇ ਕੋਈ ਸਿਖ, ਬਾਕੀ ਹੋਰ 98% ਗੁਰੂ ਹੁਕਮਾਂ ਨੂੰ ਜਾਂ ਇਨਾਂ ਵਿਚੋਂ ਦੋ, ਚਾਰ ਜਾਂ ਇਕ ਨੂੰ ਵੀ ਮਨ ਭਾਣੇ ਸਾਦ ਦੁਆਰਾ ਠੁਕਰਾਉਂਦਾ ਹੈ, ਗੁਰੂ ਉਸ ਨੂੰ ਖਸਮੈਂ ਨਦਰੀਂ ਕੀੜਾ ਐਲਾਨਦਾ ਹੈ।

ਮਾਣਸ ਦੀ ਜਾਤ ਨੂੰ ਇਕ ਪਰਵਾਰ ਜਾਨਣ ਦਾ ਗੁਰੂ ਹੁਕਮ ਠੁਕਰਾਦਿਆਂ ਜੋ ਖਾਲਸਾ ਪੰਥ ਵਿਚੋਂ ਹੀ ਅਪਣੇ ਗੁਰਸਿਖ ਭਾਈ ਲਈ ਛੋਟੇ ਕੱਦ ਕਰਕੇ ਜਾਂ ਬਿਰਦ ਅਵਸਥਾ ਕਰਕੇ ਅੱਤ ਘਿਨਾਉਣੀਂ ਨਿੰਦਾਂ ਤੇ ਆ ਜਾਣ, ਉਹ ਕਿਸੇ ਅਸਿਖ ਸੂਰਤ ਇਨਸਾਨ ਨੂੰ ਅਪਣਾਂ ਭਾਈ ਸਮਝਣ ਦੀ ਥਾਂ ਕਿਥੋਂ ਤੱਕ ਖੁਦ ਪਤਿਤ ਪਾਪੀ ਨਫਰਤ ਤੇ ਝੂਠ ਬੋਲਣ ਵਾਲੇ ਪਾਂਡਾ ਸੁਭਾਆ ਦਾ ਗੇਨ ਭੰਡਾਰ, ਇਹ ਗੁਰੂ ਦੁਰਕਾਰਿਓ ਕਿਥੋਂ ਤੱਕ ਲਈ ਫਿਰਦੇ ਹੋ ਸਕਦੇ ਨੇ, ਵੱਡੇ ਨਾਮ ਗੁਰਮਤਿ ਵਾਲਿਆਂ ਅਪਣੇ ਦੂਜੇ ਖਤ ਵਿਚ ਪ੍ਰਤੱਖ ਕਰ ਦਿੱਤਾ ਹੈ। ਆਪਜੀ ਨੂੰ ਲਿਖ ਹੋ ਰਹੇ ਇਸ ਖਤ ਵਿਚ ਗੁਰੂ ਵਲੋਂ ਅਦਾਲਤ ਅੱਗੇ ਰੱਖੇ ਅਤੇ ਇਸ ਮਗਰੋਂ ਦੇ ਦਸਤਾਵੇਜ਼ਾਂ ਦਾ ਤੱਤ ਸਾਰ ਇਸ ਲਈ ਅੰਕਤ ਕਰਵਾਇਆ ਹੈ ਤਾਂ ਕਿ ਕੋਈ ਅਣਜਾਣੇ ਗੁਰਬਾਣੀ ਅਨੁਸਾਰ ਸੱਚ ਦੀ ਅਨਿਆਈ ਨਿੰਦਾ ਤੇ ਨਾ ਆ ਜਾਵੇ। ਹੁਣ ਭਵਿਖ ਵਿਚ ਕੋਈ ਵਿਚਾਰ ਸਾਂਝੇ ਕਰਨ ਆਇਆ ਤਾਂ ਸਾਡੇ ਗੁਰੂ ਦਾ ਪਿਆਰਾ। ਪਰ ਹੁਣ ਕਿਸੇ ਨਿੰਦਕ ਦੀ ਕੂੜ ਦਾ ਮੁਰਦਾਰ ਖਾਕੇ ਕੀਤੀ ਨਿੰਦਾ ਨੂੰ ਸੁਣਕੇ ਜਬਾਬ ਦੀ ਥਾਂ ਬਰਦਾਸ਼ਤ ਕਰਕੇ ਤੁਰੇ ਹੀ ਰਹਿਣ ਦਾ ਬਲ ਗੁਰੂ ਸਾਨੂੰ ਬਖਸ਼ ਦਿੱਤਾ ਹੈ।

**ਗੁਰਿ ਪੂਰੈ ਦਾਨੁ ਦੀਆ ਹਰਿ ਨਿਹਚਲੁ ਨਿਤ ਬਖਸੇ ਚੜੈ ਸਵਾਇਆ ॥**

**ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ ਸੋ ਕਰਤੈ ਆਪਿ ਪਚਾਇਆ ॥** (ਗੁਰਬਾਣੀ ਪੰਨਾਂ 305)

**ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥ ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ ॥** (ਪੰਨਾਂ 315)

**ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ ॥**

**ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ ॥** (ਪੰਨਾਂ 316)

**ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥ ਨਿੰਦਾ ਜਨ ਕਉ ਖਰੀ ਪਿਆਰੀ ॥ ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ ਰਹਾਉ ॥ ਨਿੰਦਾ ਹੋਇ ਤ ਬੈਕੁੰਠਿ ਜਾਈਐ ॥ ਨਾਮੁ ਪਦਾਰਥੁ ਮਨਹਿ ਬਸਾਈਐ ॥ ਰਿਦੈ ਸੁਧ ਜਉ ਨਿੰਦਾ ਹੋਇ ॥ ਹਮਰੇ ਕਪਰੇ ਨਿੰਦਕੁ ਧੋਇ ॥੧॥ ਨਿੰਦਾ ਕਰੈ ਸੁ ਹਮਰਾ ਮੀਤੁ ॥ ਨਿੰਦਕ ਮਾਹਿ ਹਮਾਰਾ ਚੀਤੁ ॥ ਨਿੰਦਕੁ ਸੋ ਜੋ ਨਿੰਦਾ ਹੋਰੈ ॥ ਹਮਰਾ ਜੀਵਨੁ ਨਿੰਦਕੁ ਲੋਰੈ ॥੨॥ ਨਿੰਦਾ ਹਮਰੀ ਪ੍ਰੇਮ ਪਿਆਰੁ ॥ ਨਿੰਦਾ ਹਮਰਾ ਕਰੈ ਉਧਾਰੁ ॥ ਜਨ ਕਬੀਰ ਕਉ ਨਿੰਦਾ ਸਾਰੁ ॥ ਨਿੰਦਕੁ ਡੂਬਾ ਹਮ ਉਤਰੇ ਪਾਰਿ ॥** (ਪੰਨਾਂ 339)

ਯਾਦ ਰਹੇ ਕਿ ਗੁਰੂ ਹੁਕਮਾਂ ਅਨੁਸਾਰ ਆਏ ਵੇਲੇ ਸੱਚ ਸਣਾਉਣ, ਸੱਚੀ ਨਿੰਦਾ ਅਤੇ ਕੂੜ ਦਾ ਮੁਰਦਾਰ ਖਾਕੇ ਝੂਠ ਦੇ ਸਹਾਰੇ ਕਿਸੇ ਸਾਕਤ ਪਾਂਡੇ ਦੀ ਕੀਤੀ ਨਿੰਦਾ ਵਿਚ ਅੰਤਰ, ਹੁਣ ਤੱਕ ਸੰਗਤਾਂ ਦੀ ਸੱਥ ਵਿਚ ਪਏ ਦਸਤਾਵੇਜ਼ਾਂ ਵਿਚ ਪਹਿਲੋਂ ਹੀ ਅੰਕਤ ਹੈ।

ਸਿਖ ਸਰੂਪ ਵਿਚ ਉਪਰ ਜਿਕਰ ਬਿਪਰਨ ਰੂਪ ਝੂਠ ਦਾ ਮੁਰਦਾਰ ਖਾਣ ਵਾਲੇ, ਮਾਣਸ ਦੀ ਜਾਤ ਨੂੰ ਇਕ ਪਰਵਾਰ ਨਾ ਜਾਨਣ ਵਾਲੇ ਸਾਕਤ, ਕਸਮੈ ਨਦਰੀਂ ਕੀੜੇ ਅਤੇ ਝੂਠ ਦਾ ਮੁਰਦਾਰ ਖਾਣ ਦੇ ਆਦੀ ਪਾਂਡੇ ਤੋਂ ਸਿਵਾ, ਹੁਣ ਤੱਕ ਕੋਈ ਗੁਰਸਿਖ, ਕਿਸੇ ਗੁਰਮਤਿ ਦਲੀਲ ਦੁਆਰਾ ਇਸ ਤੁਛ ਗੁਰਸਿਖ ਕਾਫਲੇ ਦੇ ਗੁਰਮਤਿ ਅਨੁਸਾਰ ਤੁਛ ਬਖਿਆਨ ਨੂੰ ਗਲਤ ਦੱਸਣ ਅਤੇ ਉਸ ਵਿਚ ਸੋਧ ਕਰਵਾਉਣ ਵਾਲਾ ਨਹੀਂ ਉਠਿਆ। ਜਿਸ ਨਾਲ ਇਸ ਤੁਛ ਗੁਰਸਿਖ ਕਾਫਲੇ ਨੇ ਹੁਣ ਤੱਕ ਗੁਰਬਾਣੀ ਅਨੁਸਾਰ ਸਾਹਮਣੇ ਅੱਜ ਸੱਚ ਨੂੰ ਅਮਲੀ ਜੀਵਨ ਵਿਚ ਕਰਕੇ ਵਿਚਰਣ ਦਾ ਐਲਾਨ, ਜੂਨ ਚੋਰਾਸੀ ਦੇ ਸ਼ਹੀਦਾਂ ਦੀ 25ਵੀਂ ਬਰਸੀ ਸਮੇਂ ਕਰ ਦਿੱਤਾ ਹੈ। ਯਾਦ ਰਹੇ ਕਿ ਅੱਜ ਸਾਹਮਣੇ ਗੁਰਮਤਿ ਸੱਚ ਬਖਿਆਨ ਵਿਚ ਸਾਥੋਂ ਰਹੀ ਅਨਜਾਣੇ ਕਿਸੇ ਕਮੀ ਨੂੰ ਭਵਿਖ ਦੇ ਸਾਥੋਂ ਹੋਰ ਬੁਧ ਬਬੇਕ ਗਰੁਸਿਖ ਖਾਲਸਾ ਸੰਤਾਨ ਨੇ ਗੁਰਬਾਣੀ ਦੀ ਕਸਵੱਟੀ ਤੇ ਤੋਲ ਕੇ ਸੋਧ ਕਰਦੇ ਰਹਿਣਾਂ ਹੈ ਅਤੇ ਇਹ ਗੁਰਸਿਖਾਂ ਦੀ ਗੁਰਮਤਿ ਕਾਰ ਜਦ ਤੱਕ ਸੰਸਾਰ ਤੇ ਸਿਖ ਧਰਮ ਅਤੇ ਇਸ ਧਰਮ ਨੂੰ ਅਪਣਾ ਕੇ ਵਿਚਰਨ ਵਾਲਾ ਖਾਲਸਾ ਪੰਥ ਹੈ, ਚਲਦੀ ਹੀ ਰਹਿਣੀਂ ਹੈ।

**'ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਸਿਖ ਜਾਂ ਸਾਕਤ?'** ਜਰਮਨੀ ਦੀਆਂ ਸਮੂਹ ਗੁਰਦੁਆਰਾ ਕਮੇਟੀਆਂ ਨੂੰ ਅਤੇ ਇਥੇ ਪੰਥ ਲਈ ਸਰਗਰਮ ਜਥਬੰਦੀਆਂ ਨੂੰ ਵੀ ਪਹੁੰਚਦਾ ਕੀਤਾ ਜਿਸ ਦੇ ਪਹਿਲੇ ਹਰਫ ਇਹ ਹਨ: **"ਸਿੰਘੋ, ਆਪੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਸਿਖ ਧਰਮ ਦੇ ਪਵਿਤ੍ਰ ਸੱਚ ਸਿਧਾਂਤ ਥੰਮ ਦਾ, ਸਿਖ ਕਿਰਦਾਰ ਦਾ ਅਤੇ ਸ਼ਹੀਦਾਂ ਦਾ ਘੋਰ ਅਪਮਾਨ ਕੀਤਾ ਹੋਣਾਂ ਤੇ ਆਪੇ ਉਸੇ ਸ਼ਬਦ ਗੁਰੂ ਨੂੰ ਗੁਰਗੱਦੀ ਦਿਵਸ ਮਨਾਉਣੇ, ਪਰ ਕਿਸੇ ਇਕ ਦਾ ਵੀ ਇਸ ਚਾਲੂ ਬਪਰਨ ਰੀਤ ਦੇ ਖਿਲਾਫ ਨਾ ਨਿਤਰ ਸਕਣਾਂ, ਕੀ ਜਰਮਨੀ ਦੇ ਸਿਖਾਂ ਲਈ ਮਾਣ ਵਾਲੀ ਗੱਲ ਜਾਂ ਕੁਝ ਹੋਰ?"**

ਇਹ ਲਿਖਤ ਜਰਮਨੀ ਵਿਚ ਵੱਡੇ ਨਾਮ ਵਾਲਿਆਂ ਨੂੰ ਨਿਜੀ ਤੌਰ ਤੇ ਭੇਜਣ ਅਤੇ ਸੰਗਤ ਦੀ ਜਾਣਕਾਰੀ ਲਈ ਔਨਲਾਇਨ ਹੋ ਜਾਣ ਦੇ ਮਗਰੋਂ ਜੇ ਉਪਰ ਜਿਕਰ ਸਿਖ ਸਰੂਪ ਵਿਚ ਕੂੜ ਦਾ ਮੁਰਦਾਰ ਖਾਕੇ ਆਫਰੇ ਪਾਂਡੇ ਨੇ ਸਾਕਤ ਅਤੇ ਖਸਮੈ ਨਦਰੀਂ ਕੀੜਾ ਬਣੇ ਰਹਿਣ ਦੀ ਖਾਧੀ ਹੋਈ ਕਸਮ ਦਾ ਵਿਖਾਵਾ ਆਪਣੇ ਹੀ ਲਿਖੇ ਹਰਫਾਂ ਦੁਅਰਾ ਕੀਤਾ ਹੈ ਉਥੇ ਉਹ ਵੀ ਸਾਡੇ ਗੁਰੂ ਪਿਅਰੇ ਸਾਹਮਣੇ ਆਏ ਨੇ ਜਿਨਾਂ ਨੇ ਜਾਣੇ ਅਨਜਾਣੇ ਹੋਈ ਭੁੱਲ ਦੇ ਸੁਧਾਰ ਲਈ ਚਾਲੇ ਵੀ ਪਾ ਦਿੱਤੇ ਹਨ ਜੋ ਇਸ ਤੁਛ ਗੁਰਸਿਖ ਕਾਫਲੇ ਲਈ ਖੁਸ਼ੀ ਦੀ ਖਬਰ ਹੈ। ਸ਼ਬਦ ਗੁਰੂ ਨੂੰ ਗੁਰਗੱਦੀ ਦੇ ਤਿੰਨ ਸੋ ਸਾਲਾ ਸਮਾਗਮਾਂ ਦੀ ਸਮਾਪਤੀ ਵਜੋਂ ਮੁਨਚਨ ਵਿਚ ਗੁਰੂ ਦੀ ਨਗਰ ਫੇਰੀ ਸਮੇਂ ਜਿਥੇ ਕਈ ਪੰਥ ਲਈ ਸਰਗਰਮ ਵੱਡੇ ਨਾਮ ਸਿਖ ਅਤੇ ਜਥੇਬੰਦੀਆਂ ਵੱਲੋਂ ਆਇਆ ਹੀ ਨਾ ਗਿਆ ਉਥੇ ਗੁਰੂ ਘਰਾਂ ਦੇ ਪ੍ਰਬੰਥਕਾਂ ਵਲੋਂ ਸ਼ਬਦ ਗੁਰੂ ਦੀਆਂ ਤਿੰਨ ਸੌ ਸਾਲਾ ਸ਼ਤਾਬਦੀਆਂ ਨੂੰ ਮਨਾਓਦਿਆਂ ਹੋਈਆਂ ਭੁਲਾਂ, ਰਹਿ ਗਈਆਂ ਤਰੁਟੀਆਂ ਦੀ ਸੰਗਤਾਂ ਤੋਂ ਮੁਆਫੀ ਵੀ ਮੰਗੀ ਹੈ। ਹਾਂ ਨਾ ਇਆਣੇ ਗੁਰੂ ਕਰਤਾ ਰਾਮ ਨੂੰ ਇਹ ਮੁਆਫੀ ਤਾਂ ਮੰਗਣ ਵਾਲਿਆਂ ਦੀ ਤਦ ਹੀ ਪ੍ਰਵਾਨ ਹੋ ਸਕਣੀ ਹੈ ਜੇ ਮੁਅਫੀ ਮੰਗਣ ਵਾਲੇ ਅਪਣੇ ਹੀ ਸਾਥੀ ਗੁਰੂਘਰ ਦੇ ਪ੍ਰਬੰਧਕ ਵੀਰਾਂ ਵਲੋਂ, ਆਪਣੇ ਹੀ ਗੁਰਦੁਆਰੇ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾ ਦੇਣ ਨਾਲ ਚਲਾਈ ਬਿਪਰਨ ਰੀਤ ਦੇ ਖਾਤਮੇ ਮਗਰੋਂ ਹੀ ਇਨਾਂ ਦੇ ਇਸ ਪ੍ਰਬੰਧ ਵਾਲੇ ਗੁਰਦੁਆਰੇ ਪੈਰ ਧਰਦੇ ਨੇ। ਗੁਸਿਕਾਂ ਦੀ ਮੁਆਫੀ ਦੇ ਅਰਥ, ਹੋਈ ਅਣਜਾਣੇ ਭੁੱਲ ਦੀ ਸੋਧ ਕਰਕੇ, ਗੁਰੂ ਅੱਗੇ ਅਰਦਾਸ ਦੁਆਰਾ ਪਸ਼ਚਾਤਾਪ ਕਰਨਾਂ ਅਤੇ ਗੁਰੂ ਨੂੰ ਆਪਣੇ ਪੰਥ ਨੂੰ ਅਰਦਾਸ ਵਿਚ ਪ੍ਰਣ ਦੇਣਾਂ ਕਿ ਉਹ ਅਗਾਂਹ ਇਹ ਭੁੱਲ ਕਦੇ ਵੀ ਨਹੀਂ ਕਰਨਗੇ, ਸਗੋਂ ਜੇ ਹੋਰ ਕੋਈ ਕਰਦਾ ਨਜ਼ਰ ਆਵੇ ਖਿਲਾਫ ਆਵਾਜ਼ ਉਠਾਉਣਗੇ।

ਸਿਖ ਸਰੂਪ ਬਿਪਰਨ ਔਲਾਦ ਜੁਗਿੰਦਰ ਸੁੰਹ ਦੇ ਮਕੜੀ ਜਾਲ ਵਿਚ ਆਪਜੀ ਦੇ ਫਸ ਜਾਣ ਅਤੇ ਮੁੜ ਘਰ ਵਾਪਸੀ ਤੱਕ ਦੀ ਇਸ ਵਾਰਤਾ ਵਿਚ ਜਿਕਰ ਦਸਤਾਵੇਜ਼, ਆਪਜੀ ਨੂੰ ਇਸ ਖਤ ਦੇ ਨਾਲ ਕਰ ਦਿੱਤੇ ਗਏ ਨੇ ਅਤੇ ਸੰਗਤਾਂ ਦੀ ਜਾਣਕਾਰੀ ਲਈ ਔਨਲਾਇਨ ਵੀ ਹਨ।

ਗੁਰਬਾਣੀ ਵਿਚ ਆਇਆ ਤੇ ਦਿਖਾਇਆ ਅਗਧ ਪੜ੍ਹ ਰਿਹਾ ਸ਼ੈਤਾਨ ਤਾਂ ਕਿਸੇ ਹੋਰ ਮੂਲ ਬਿਪਰਨ ਦੀ ਔਲਾਦ ਭਾਈ ਵਾਰੇ ਹੈ ਜਿਸ ਨੇ ਕਦੇ ਬਿਪਰਨ ਤਖਤ ਨਾਲ ਅੰਦਰੋਂ ਮਿਲਕੇ ਇਕ ਗੁਰੂ ਪਿਆਰੇ ਸੰਤ ਭਗਤ ਨੂੰ ਸ਼ਹੀਦ ਕਰਵਾ ਦਿੱਤਾ ਗਿਆ ਸੀ, ਤੇ ਮਾਇਆ ਲੈਕੇ ਸੰਤ ਨੂੰ ਫੜਾਉਣ ਲਈ ਥਾਂ ਦੱਸਣ ਦਾ ਦੋਸ਼ ਸੰਤ ਦੇ ਹੀ ਇਕ ਪੱਕੇ ਸ਼ਰਧਾਲੂ ਵਦਿਆਰਥੀ ਤੇ ਕੂੜ ਦਾ

ਮੁਰਦਾਰ ਖਾਕੇ ਧਰ ਦਿੱਤਾ ਸੀ ਤੇ ਸੰਤ ਦੇ ਨਾਂ ਤੇ ਉਸ ਦੇ ਸ਼ਰਧਾਲੂਆਂ ਦਾ ਨਕਲੀ ਧਰਮ ਚਲਾ ਲਿਆ ਸੀ। ਔਰਤ ਕੁਖੋਂ ਜਨਮ ਲੈ ਔਰਤ ਨੂੰ ਮਾੜੀ ਦੱਸਣ ਵਾਲਾ, ਆਪ ਨਕਲੀ ਜਤੀ, ਆਪਣੇ ਵਾਰਸ ਲਈ ਗ੍ਰਿਹਿਸਤੀ ਤੇ ਨਿਰਭਰ, ਆਪਣੇ ਨਕਲੀ ਧਰਮ ਗ੍ਰੰਥ ਚੋਂ, ਗ੍ਰਿਹਿਸਤੀਆਂ ਦੇ ਵਿਆਹ ਸਮੇਂ, ਵਿਆਹ ਦੋ ਸ਼ਲੋਕ ਪੜ੍ਹ ਰਿਹਾ ਹੈ। ਜਿਸ ਵੱਲੋਂ ਇਕੋ ਰੱਬ ਕਰਤਾ, ਜਿਸ ਦੀ ਸਰਪ੍ਰਸਤੀ ਅਧੀਨ ਇਹ ਸੰਸਾਰ ਤੇ ਸਰਿਸ਼ਟੀ ਖੇਲ ਚੱਲ ਰਹੀ ਹੈ, ਉਸ ਦਾ  ਸ਼ਰੀਕ ਨਕਲੀ ਫਰਜੀ ਸ਼ੈਤਾਨ ਦੀ ਹੋਂਦ ਨੂੰ ਅਪਣੇ ਨਕਲੀ ਧਰਮ ਦਾ ਅੰਗ ਕੀਤਾ ਹੋਇਆ ਹੈ ਤਾਂ ਕਿ ਮਤਾਂ ਸੰਸਾਰ ਦਾ ਕੋਈ ਇਨਸਾਨ, ਇਨਸਾਨ ਵਿਚ ਸ਼ੈਤਾਨ ਵਿਰਤੀ ਸੁਭਾਅ ਹੀ ਸ਼ੈਤਾਨ ਹੋਣ ਦੇ ਸੱਚ ਨੂੰ ਨਾ ਜਾਣਦਾ ਹੋਇਆ, ਇਸ ਇਨਸਾਨ ਜਾਤ ਵਿਚ ਅਗਧ ਪੜ੍ਹ ਰਹੇ ਸ਼ੈਤਾਨ ਦੀ ਪਹਿਚਾਣ ਕਰਨ ਵਾਲਾ ਅਤੇ ਸੰਸਾਰ ਨੂੰ ਦੱਸਣ ਵਾਲਾ ਹੀ ਨਾ ਹੋ ਸਕੇ। ਜਿਸ ਨਕਲੀ ਜਤੀ ਅਗਧ ਪੜ੍ਹ ਰਹੇ ਸ਼ੈਤਾਨ ਦੀ ਔਲਾਦ, ਚੋਰੀਂ ਆਪਣੀ ਹਰਾਮਦੀ ਔਲਾਦ ਪੈਦਾ ਕਰਨ ਵਿਚ ਮਸ਼ਹੂਰ ਤਾਂ ਪਹਿਲੋਂ ਸੀ ਹੀ, ਹੁਣ ਆਪਣੀ ਕਾਮ ਭੁਖ ਨੂੰ ਮਾਰਨ ਲਈ ਜਿਥੇ ਚੋਰੀ ਮਰਦਾਂ ਨਾਲ ਜਿਸਮ ਸਬੰਧ ਕਰਨ ਵਾਲੀ ਮਸ਼ਹੂਰ ਹੈ ਉਥੇ ਇਹ ਆਪਣੇ ਹੀ ਧਰਮ ਨੂੰ ਮੰਨਣ ਵਾਲੇ ਬੱਚਿਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਲੈਣ ਲਈ ਸੱਭ ਅੱਗੇ ਮਸ਼ਹੂਰ ਜੱਗ ਜਾਹਰ ਹੈ। ਇਥੇ ਹੀ ਬੱਸ ਨਹੀ। ਇਸ ਅਗਧ ਪੜ੍ਹ ਰਹੇ ਸ਼ੈਤਾਨ ਵਲੋਂ ਆਪੇ ਹੀ ਗਦਾਰੀ ਕਰਕੇ ਸ਼ਹੀਦ ਕਰਵਾਏ ਸੰਤ ਦੇ ਨਾਮ ਤੇ ਉਸਾਰੇ ਧਰਮ ਨੂੰ ਮੰਨਣ ਵਾਲਿਆਂ ਦਾ ਸੰਸਾਰ ਤੇ ਆਪਣੀਂ ਧੌਸ ਲਈ ਸ਼ੈਤਾਨ ਜੁੰਡਲੀ ਸੰਗਠਨ, ਯੂ ਐਨ ਓ ਦਾ ਸੁਰੱਖਿਆ ਸੰਘ ਹੈ। ਜਿਸ ਵਿਚ ਬਿਪਰਨ ਤਖਤ ਦੀ ਕੱਠਪੁਤਲੀ, ਸਿਖ ਸਰੂਪ ਵਾਲੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਵੀ ਸ਼ਾਮਲ ਕਰਕੇ ਲੋਕਰਾਜ ਦੇ ਪਰਦੇ ਥੱਲੇ ਤਾਨਾਸ਼ਾਹੀ ਸ਼ੈਤਾਨ ਕਰਤੂਤ ਖੇਡ ਰਹੇ ਨੇ।

ਅਗਧ ਪੜ੍ਹ ਰਹੇ ਸ਼ੈਤਾਨ ਦੇ ਧਰਮ ਨੂੰ ਮੰਨਣ ਵਾਲਿਆਂ ਨੇ ਆਪ ਇਨਸਾਨ ਰੂਪ ਵਿਚ ਸ਼ੈਤਾਨ ਬਿਰਤੀ ਦੇ ਹੁੰਦਿਆਂ ਐਟਮੀ ਹਥਿਆਰ ਐਟਮ ਬੰਬ ਤਿਆਰ ਕੀਤੇ। ਹੀਰੋਸ਼ੀਮਾਂ ਅਤੇ ਨਾਗਾ ਸਾਕੀ ਤੇ ਸੁਟਕੇ ਲੱਖਾਂ ਦੀ ਗਿਣਤੀ ਵਿਚ ਆਮ ਨਾਗਰਕਾਂ ਨੂੰ ਬੇਹਰਿਮੀ ਨਾਲ ਮੌਤ ਦੇ ਘਾਟ ਉਤਾਰਿਆ ਅਤੇ ਅਣਗਿਣਤਾਂ ਨੂੰ ਜ਼ਖਮੀ ਅਤੇ ਉਮਰ ਭਰ ਲਈ ਉਪਾਹਜ ਕੀਤਾ। ਮਗਰੋਂ ਯੂ ਐਨ ਓ ਦੇ ਸੁਰੱਖਿਆ ਸੰਗਠਨ ਦੇ ਨਾਂ ਤੇ ਆਪਣੇ ਖੇਮੇ ਦੇ ਦੋ ਅਤੇ ਦੋ ਹੋਰ ਨੂੰ ਮਿਲਾਕੇ ਸੰਸਾਰ ਦੀਆਂ ਐਟਮੀ ਤਾਕਤਾਂ ਐਲਾਨ ਕਰਕੇ, ਐਟਮੀ ਤਕਨੀਕ ਅਤੇ ਐਟਮੀ ਹਥਿਆਰ ਅਗਾਂਹ ਵੀ ਤਿਆਰ ਕਰਨ ਅਤੇ ਆਪਣੇ ਕੋਲ ਰੱਖਣ ਅਤੇ ਹੋਰਨਾਂ ਤੇ ਸੁਟਣ ਦਾ ਅਧਿਕਾਰ ਆਪਣੇ ਲਈ ਰਾਖਵਾਂ ਕਰ ਲਿਆ। ਦੂਜੇ ਦੇਸ਼ਾਂ ਨੂੰ ਆਪਣੇ ਲਈ ਰਾਖਵੇਂ ਕੀਤੇ ਹੱਕ ਤੋਂ ਵਾਂਝਾ ਐਲਾਨ ਦਿੱਤਾ। ਜਦ ਕਿ ਕੋਈ ਇਨਸਾਨ, ਕੋਈ ਸੰਗਠਣ ਜਾਂ ਤਖਤ ਦੂਜਿਆਂ ਨੂੰ ਉਹ ਹੀ ਮਾੜਾ ਦੱਸਕੇ ਮਨ੍ਹਾ ਕਰ ਸਕਦਾ ਹੈ ਜੋ ਪਹਿਲੋਂ ਉਸ ਨੇ ਆਪਣੇ ਲਈ ਮਾੜਾ ਸਮਝਕੇ ਬਿਵਰਜਤ, ਮਨ੍ਹਾਂ ਕਰ ਲਿਆ ਹੈ। ਪਰ ਇਸ ਸ਼ੈਤਾਨ ਜੁੰਡਲੀ ਵਲੋਂ ਆਪਣੇ ਲਈ ਐਟਮੀ ਤਕਨੀਕ ਦੀ ਅਗਾਂਹ ਉਨਤੀ ਦਾ ਹੱਕ ਅਤੇ ਐਟਮੀ ਹਥਿਆਰਾਂ ਦੇ ਭੰਡਾਰ ਰੱਖ ਸਕਣੇ ਆਪਣਾਂ ਅਧਿਕਾਰ ਐਲਾਨ ਕਰ ਦਿੱਤਾ ਅਤੇ ਬਾਕੀ ਦੇਸ਼ਾਂ ਨੂੰ ਇਹ ਅਧਿਕਾਰ ਨਾ ਹੋਣਾਂ, ਆਪਣਾਂ ਸ਼ੈਤਾਨੀ ਫੁਰਮਾਨ ਸੰਸਾਰ ਤੇ ਲਾਗੂ ਕਰ ਦਿੱਤਾ। ਜਦ ਇਨਾਂ ਦੀ ਹੀ ਮਾਂ ਮੁਖ ਬਿਪਰਨ ਦਿੱਲੀ ਤਖਤ ਨੇ ਅਤੇ ਇਸ ਦੇ ਗੁਆਂਢੀ ਨੇ ਇਸ ਸ਼ੈਤਾਨ ਜੁੰਡਲੀ ਦੀਆਂ ਆਰਥਿਕ ਪਾਬੰਦੀਆਂ ਅਤੇ ਹੋਰ ਧਮਕੀਆਂ ਦੀ ਪ੍ਰਵਾਹ ਨਾ ਕਰਦਿਆਂ, ਇਨਾਂ ਦੇ ਹਿਟਲਰੀ ਤਾਨਾਸ਼ਾਹੀ ਸ਼ੈਤਾਨੀ ਫੁਰਮਾਨ ਨੂੰ ਠੁੰਡਾਂ ਮਾਰ ਮਾਰ ਖੁਦ ਐਟਮੀ ਤਾਕਤਾਂ ਬਣ ਗਏ ਤਾਂ ਇਨਾਂ ਨੂੰ ਆਪਣੀ ਸ਼ੈਤਾਨ ਜੁੰਡਲੀ ਵਿਚ ਸ਼ਾਮਲ ਕਰਕੇ, ਬਾਕੀ ਹੋਰ ਸੰਸਾਰ ਦੇਸ਼ਾਂ ਨੂੰ ਐਟਮੀ ਤਕਨੀਕ ਅਤੇ ਇਸ ਦੁਆਰਾ ਊਰਜਾ ਪਦਾਇਸ਼ੀ ਜਾਂ ਐਟਮੀ ਹਥਿਆਰਾਂ ਨੂੰ ਤਿਆਰ ਕਰ ਸਕਣ ਦੇ ਖਿਲਾਫ ਆਪਣੇ ਨਾਲ ਖੜ੍ਹਾ ਕਰ ਲਿਆ ਅਤੇ ਇਨਾਂ ਦੋ ਨਵਿਆਂ ਨੂੰ ਵੀ ਆਪਣੀ ਪਹਿਲੀ ਸ਼ੈਤਾਨ ਬੋਲੀ ਅਤੇ ਕਾਰ ਵਿਚ ਸ਼ਾਮਿਲ ਕਰ ਲਿਆ।

ਸਿਖੀ ਮਾਰਗ ਇਸ ਕਲਜੁਗ ਵਿਚ ਪਸ਼ੂ ਬਾਂਦਰ ਤੋਂ ਕਈ ਮਿਲੀਅਨ ਵਰਿਆਂ ਵਿਚ ਤਬਦੀਲ ਹੋਈ ਅੱਜ ਦੀ ਇਨਸਾਨ ਜਾਤ ਨੂੰ ਪਸ਼ੂ ਵਿਰਤੀ ਪਤਿਤ ਪਾਪੀ ਸੁਭਾ ਦੇ ਮਿਲੇ ਮਾੜੇ ਗੇਨ ਪਦਾਰਥ ਨੂੰ ਤਿਆਗ ਕੇ ਪਨਿਤ ਪਵਿਤ੍ਰ ਸਿਖ ਖਾਲਸੇ  ਹੋਕੇ ਅਗਧ ਪੜ੍ਹ ਰਹੇ ਸ਼ੈਤਾਨ ਦੀ ਪਹਿਚਾਣ ਕਰਕੇ ਇਸ ਵਾਰੇ ਸੰਸਾਰ ਭਾਈ ਨੂੰ ਗੁਰੂ ਗਿਆਨ ਵੰਡਣਾਂ ਹੈ। ਇਸ ਅਗਧ ਪੜ੍ਹ ਰਹੇ ਸ਼ੈਤਾਨ ਦੇ ਧਰਮ ਨਾਲ ਸਬੰਧਤਾਂ ਵਲੋਂ ਹੋਰਨਾਂ ਨੂੰ ਮਿਲਾਕੇ ਯੂ ਐਨ ਓ ਦੇ ਸੁਰੱਖਿਆ ਸੰਗਠਨ ਦੇ ਨਾਂ ਤੇ ਬਣਾਏ ਸੰਸਾਰ ਤੇ ਕਾਬਜ ਸ਼ੈਤਾਨ, ਸਾਕਤ, ਤਾਨਾਸ਼ਾਹੀ ਸੰਗਠਨ ਦੇ ਖਿਲਾਫ ਖੜਨਾਂ ਸਿਖ ਸਰੂਪ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਦਾ ਬਣਦਾ ਸੀ ਕਿ ਉਹ ਸੰਸਾਰ ਤੇ ਨਵਾਂ ਇਨਸਾਫ ਨਿਆ ਦਾ ਪਰਚਾ ਪੜ੍ਹਦੇ ਐਲਾਨ ਕਰਦੇ ਕਿ ਇਹ ਜੋ ਪੰਜ ਦੀ ਸ਼ੈਤਾਨ ਜੁੰਡਲੀ ਐਟਮੀ ਤਕਨੀਕ ਅਤੇ ਐਟਮੀ ਹਥਿਆਰ ਰੱਖਣ ਦਾ ਆਪਣਾਂ ਅਧਿਕਾਰ ਐਲਾਨਦੀ ਹੈ ਅਤੇ ਤਾਨਾਸ਼ਾਹ ਸ਼ੈਤਾਨ ਹੋ ਹੋਰਨਾਂ ਨੂੰ ਇਸੇ ਅਧਿਕਾਰ ਤੋਂ ਵਾਂਝੇ ਕਰਦੀ ਹੈ, ਜਿਸ ਸ਼ੈਤਾਨ ਜੁੰਡਲੀ ਦਾ ਇਹ ਤਾਨਾਂਸ਼ਾਹੀ ਹੁਕਮ ਫੁਰਮਾਨ ਨਾ ਮੰਨਦਿਆਂ, ਬਗਾਵਤ ਕਰਕੇ ਅਸੀਂ ਅਪਣੇ ਜੋਰ, ਐਟਮੀ ਤਕਨੀਕ ਅਤੇ ਐਟਮੀ ਹਥਿਆਰ ਰੱਖਣ ਦਾ ਇਨਾਂ ਵਾਂਗਰ ਆਪਣਾਂ ਵੀ ਹੱਕ ਕਰ ਲਿਆ ਹੈ, ਇਸ ਤਰਾਂ ਹੀ ਸੰਸਾਰ ਦੇ ਹੋਰ ਚਾਹਵਾਨ ਦੇਸ਼ਾਂ ਨੂੰ ਵੀ ਅਸਾਂ ਵਾਂਗਰ, ਇਨਾਂ ਵਾਂਗਰ, ਐਟਮੀ ਤਕਨੀਕ, ਇਸ ਦੁਅਰਾ ਐਟਮੀ

ਹਥਿਆਰ ਤਿਆਰ ਕਰਨ ਅਤੇ ਰੱਖਣ ਦਾ ਉਦ ਤੱਕ ਅਧਿਕਾਰ ਹੈ ਜਦ ਤੱਕ ਇਹ ਪੰਜ ਇਸ ਆਪਣੇ ਲਈ ਰਾਖਵੇਂ ਕੀਤੇ ਅਧਿਕਾਰ ਨੂੰ ਤਿਆਗਣ ਦਾ ਐਲਾਨ ਨਹੀਂ ਕਰਦੇ ਅਤੇ ਆਪਣੇ ਐਟਮੀ ਹਥਿਆਰਾਂ ਦੇ ਭੰਡਾਰਾਂ ਨੂੰ ਤਬਾਹ ਨਹੀਂ ਕਰਦੇ। ਇਸ ਲਈ ਅਸੀਂ ਇਸ ਸ਼ੈਤਾਨ ਜੁੰਡਲੀ ਵਲੋਂ ਦੂਜਿਆਂ ਨੂੰ ਐਟਮੀ ਤਕਨੀਕ ਅਤੇ ਐਟਮੀ ਹਥਿਆਰ ਤਿਆਰ ਕਰਨ ਤੋਂ ਰੋਕਣ ਲਈ ਸ਼ੁਰੂ ਹਰ ਸ਼ੈਤਾਨੀ ਕਾਰ ਵਿਚ ਸ਼ਮੂਲੀਅਤ ਦੀ ਥਾਂ ਇਸ ਦਾ ਵਿਰੋਧ ਕਰਦੇ ਹੋਏ ਜੋ ਹੱਕ ਸਾਡਾ ਉਹ ਸੱਭ ਹੋਰਨਾਂ ਦਾ, ਸੱਚਾ ਨਿਆ ਇਨਸਾਫ ਫੁਰਮਾਨ ਅਤੇ ਇਨਸਾਨੀਅਤ ਐਲਾਨਦੇ ਹਾਂ।

ਜੇ ਇਰਾਨ ਇਜ਼ਰਾਇਲ ਦੇਸ਼ ਦੀ ਹੋਂਦ ਨੂੰ ਸਵਿਕਾਰ ਕਰਦਾ, ਇਸ ਨੂੰ ਸੰਸਾਰ ਦੇ ਨਕਸ਼ੇ ਤੋਂ ਮਿਟਾ ਦੇਣ ਦੇ ਨਾਹਰੇ ਤਿਆਗਦਾ ਅਤੇ ਯਹੂਦੀਆਂ ਦੇ ਹਿਟਲਰ ਵਲੋਂ ਸੰਸਾਰ ਤੇ ਬੇਮਿਸਾਲ ਅੱਤ ਘਿਨਾਉਣੇ ਕਰਵਾਏ ਹੋਏ ਕਤਲੇਆਮ ਦੇ ਸੱਚ ਨੂੰ ਝੂਠ ਐਲਾਨਦੇ ਰਹਿਣ ਦਾ ਕੂੜ ਮਰੁਦਾਰ ਖਾਣਾਂ ਤਿਆਗਦਾ ਅਤੇ ਜੇ ਸੂਦ ਕੋਰੀਆਂ ਇਨਾਂ ਪੰਜਾਂ ਵਾਂਗਰ, ਅਸਾਂ ਵਾਂਗਰ ਉਸ ਦੇ ਐਟਮੀ ਹਥਿਅਰ ਵੀ ਦੂਜਿਆਂ ਲਈ ਕੋਈ ਖਤਰਾ, ਨਹੀਂ ਲਿਖ ਦੇਵੇ ਤਾਂ ਸਾਡੇ ਵਲੋਂ ਇਨਾਂ ਨੂੰ ਵੀ ਐਟਮੀ ਹਥਿਆਰ ਤਿਆਰ ਕਰਨ ਅਤੇ ਰੱਖਣ ਦਾ ਅਸਾਂ ਵਾਂਗ ਹੀ ਜਮਾਂਦਰੂ ਅਧਿਕਾਰ ਐਲਾਨਦੇ ਅਤੇ ਇਨਾਂ ਖਿਲਾਫ ਹਰ ਪਾਬੰਦੀ ਵਿਚ ਸ਼ਮੂਲੀਅਤ ਤੋਂ ਭਾਰਤ ਨੂੰ ਨਿਰਲੇਪ ਰੱਖਦੇ। ਯਾਦ ਰਹੇ ਕਿ ਹੁਣ ਤੱਕ ਦੀਆਂ ਜਰਮਨ ਸਰਕਾਰਾਂ, ਦੂਜੇ ਦੇਸ਼ਾਂ ਨੂੰ ਪ੍ਰਮਾਣੂੰ ਉਰਜਾ ਤਕਨੀਕ ਜਾਂ ਐਟਮੀ ਹਥਿਅਰਾਂ ਨੂੰ ਤਿਆਰ ਕਰਨ ਤੋਂ ਰੋਕਣ ਲਈ ਅਤੇ ਜਿਨਾਂ ਕੋਲ ਇਹ ਹੈ, ਉਨਾਂ ਦੀ ਹਮੈਤ ਲਈ ਸੱਭ ਤੋਂ ਅੱਗੇ ਰਹੀਆਂ ਹਨ ਅਤੇ ਇਨਾਂ ਦੀ ਇਸ ਅਨਿਆਈ, ਤਾਨਾਸ਼ਾਹੀ ਵਦੇਸ਼ ਨੀਤੀ ਵਿਚ, ਅਮਰੀਕਾ ਅਤੇ ਇਜ਼ਰਾਇਲ ਨਾਲ ਯਾਰੀ ਹੋਣ ਕਰਕੇ ਤਬਦੀਲੀ ਦੀ ਆਸ ਨਹੀ ਹੈ।

ਸਿਖ ਸਰੂਪ ਵਿਚ ਬਿਪਰਨ ਤਖਤ ਦੀ ਸਾਡੇ ਕਿਲੇ ਵਿਚ ਪ੍ਰਵੇਸ਼ ਕਰ ਚੁੱਕੀ ਕੂੜ ਦਾ ਮੁਰਦਾਰ ਖਾਣ ਆਦੀ ਅਗਧ ਪੜ੍ਹ ਰਹੀ ਸ਼ੈਤਾਨ ਜੁੰਡਲੀ ਸ਼ਰੋਮਣੀ ਕਮੇਟੀ ਇਸ ਦੀ ਨਕਲੀ ਪੁਜਾਰੀ ਜਮਾਤ, ਇਸ ਵਿਚ ਆਰ ਐਸ ਐਸ ਅਤੇ ਇਸੇ ਤਰਾਂ ਲਾਣਾਂ ਜੁਗਿੰਦਰ ਸੁੰਹ ਅਤੇ ਮਨਮੋਹਣ ਸਹੁੰ ਤੋਂ ਅਤੇ ਇਨਾਂ ਦੇ ਬਾਪ ਦਾਦੇ ਦਿੱਲੀ ਤਖਤ ਤੋਂ ਆਪਣੇ ਖਾਲਸਾ ਪੰਥ ਨੂੰ ਅਤੇ ਖਾਲਸੇ ਦੇ ਦੇਸ਼ ਨੂੰ, ਜਿਸ ਦੀ ਨੀਂਹ ਸਾਡੇ ਸ਼ਹੀਦ ਸਿਖ ਸੰਤ ਖਾਲਸੇ ਜਰਨੈਲ ਸਿੰਘ ਜੀ ਅਤੇ ਉਨਾਂ ਦੀ ਅਗਵਾਈ ਵਿਚ ਸਿੰਘ ਸੂਰੇ ਜੂਨ ਚੌਰਾਸੀ ਸਮੇਂ, ਬਿਪਰਨ ਅਕ੍ਰਿਤਘਣ ਦਿੱਲੀ ਤਖਤ ਦੀਆਂ ਚੜ੍ਹ ਆਇਆਂ ਫੌਜਾਂ ਨਾਲ ਲੋਹਾ ਖੜਕਾਉਂਦਿਆਂ ਆਪਣੀਆਂ ਲਾਸਾਨੀ ਸ਼ਹੀਦੀਆਂ ਨਾਲ ਧਰ ਗਇਓ ਨੇ, ਆਜਾਦ ਕਰਵਾਣ ਦਾ ਬਿਗਲ, ਇਹ ਤੁਛ ਗੁਰਸਿਖ ਕਾਫਲਾ ਜੂਨ ਚੌਰਾਸੀ ਦੇ ਸ਼ਹੀਦਾਂ ਦੀ 25ਵੀਂ ਬਰਸੀ ਸਮੇਂ ਐਲਾਨਨਾਮਾਂ ਦਸਤਾਵੇਜ਼ ਦੁਆਰਾ ਬਜਾ ਹੀ ਚੁੱਕਾ ਹੈ ਅਤੇ ਸੰਗਤ ਨੂੰ ਸਪਸ਼ਟ ਕਰ ਚੁੱਕਾ ਹੈ ਕਿ ਸਾਡੇ ਲਈ ਸਰਬ ਉਤਮ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਸ ਨਾਲ ਹੋਰ ਚਾਰ ਖੜ੍ਹੇ ਕਰ ਲਿਇਓ ਹੋਰ ਤਖਤਾਂ ਦਾ ਕੋਈ ਜਥੇਦਾਰ ਸਿਰਫ ਤੇ ਸਿਰਫ ਉਹ ਹੀ ਹੋ ਸਕਦਾ ਹੈ ਜਿਸ ਨੇ ਗੁਰੂ ਦੇ ਸਮੂਹ ਹੁਕਮਾਂ ਨੂੰ ਮੰਨਨਾਂ ਹੀ ਸਿਖੀ ਜੀਵਨ ਤੇ ਸਿਖ ਦੀ ਮਰਯਾਦਾ ਸੱਚ ਹੋਣ ਕਰਕੇ, ਇਸ ਅਨੁਸਾਰ ਹੀ ਸੰਸਾਰ ਜੀਵਨ ਜੀਣ ਦਾ ਅਰਦਾਸਾ ਸੋਧ ਦਿੱਤਾ ਹੈ ਅਤੇ ਖਾਲਸਾ ਪੰਥ ਨੂੰ ਇਹ ਪ੍ਰਣ ਨਗਾਰੇ ਦੀ ਚੋਟ ਨਾਲ ਦੇ ਦਿੱਤਾ ਹੈ ਕਿ ਹਾਂ ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਦੇਸ਼ ਦੀ ਧਰੀ ਨੀਂਹ ਉਤੇ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ, ਉਨਾਂ ਲਈ ਉਨਾਂ ਦੇ ਗੁਰੂ ਕਰਤਾਪੁਰਖ ਦਾ ਹੁਕਮ ਫਰਮਾਨ ਹੈ।

ਜੁਗਿੰਦਰ ਸੁੰਹ ਹੈ ਜਾਂ ਸ਼ਰੋਮਣੀ ਕਮੇਟੀ ਹੈ ਜਾਂ ਸਿਖ ਸਰੂਪ ਵਿਚ ਕੋਈ ਹੋਰ, ਇਹ ਤਾਂ ਗੁਰਬਾਣੀ ਅਨੁਸਾਰ ਅਗਧ ਪੜ੍ਹ ਰਹੇ ਸ਼ੈਤਾਨ ਤੋਂ ਵੀ ਕਿਤੇ ਸ਼ੈਤਾਨ ਨੇ। ਇਸ ਲਈ ਕਿ ਇਹ ਸ਼ੈਤਾਨ ਸੁਭਾਅ ਦੇ ਕਾਰੇ, ਦਰਵੇਸ਼ ਗੁਰੂ ਦੇ ਬਖਸ਼ਿਸ ਸਿਖ ਸਰੂਪ ਵਿਚ ਛੁਪਕੇ ਕਰ ਰਹੇ ਨੇ। ਇਨਾਂ ਸ਼ੈਤਾਨੋਂ ਸ਼ੈਤਾਨ ਬਿਪਰਨ ਦੀ ਇਕ ਸਿਖ ਸਰੂਪ ਵਿਚ ਔਲਾਦ ਜੁਗਿੰਦਰ ਸੁੰਹ ਦੇ ਮੱਕੜੀ ਜਾਲ ਵਿਚੋਂ ਆਜਾਦ ਹੋਕੇ ਆਪਣੇ ਖਾਲਸਾ ਪੰਥ ਘਰ ਵਾਪਸ ਆਏ ਸਾਡੇ ਗੁਰੂ ਦੇ, ਸਾਡੇ ਪੰਥ ਦੇ ਅੱਤ ਪਿਆਰਿਓ, ਸਤਕਾਰਿਓ, ਪੰਥ ਦਾ ਮਾਣ ਤਾਣ, ਗੁਰਸਿਖ ਭੈਣ ਬੀਬੀ ਸੁਰਿੰਦਰ ਕੌਰ ਜੀਉ ਅਤੇ ਵੀਰ ਭਾਈ ਬਚਿੱਤਰ ਸਿੰਘ ਜੀਉ ਬੀਤੇ ਦੀ ਇਸ ਸੱਚ ਕਹਾਣੀ ਤੋਂ ਅੱਗੇ ਆਉ ਗਲੇ ਲਗ ਹੁਣ ਆਪਣੇ ਪੰਥ ਲਈ, ਪੰਥ ਦੇ ਦੇਸ਼ ਦੀ ਆਜਾਦੀ ਲਈ ਅਗਲਾ ਚੱਲਣਾਂ ਵਿਚਾਰ ਕਰਕੇ ਨੀਅਤ ਕਰ ਲਈਏ।

ਇਸ ਕਾਫਲੇ ਨੇ ਗੁਰੂਆਂ ਦੀ ਧਰਤ ਪੰਥ ਦੀ ਆਜਾਦੀ ਲਈ ਸੰਘਰਸ਼ ਦੀ ਅਗਵਾਈ ਜਿਨਾਂ ਗੁਰਸਿਖਾਂ ਨੂੰ ਦਿੱਤੀ ਅਤੇ ਸਹਿਯੋਗ ਲਈ ਹੱਥ ਵਧਾਇਆ, ਉਨਾਂ ਤੋਂ ਅਜੇ ਵੀ ਸਿਖ ਸਰੂਪ ਵਿਚ ਬਿਪਰਨ ਔਲਾਦ ਸਾਡੇ ਤਖਤਾਂ ਤੇ ਕਾਬਜ ਪੁਜਾਰੀ ਪੰਡਤਾਂ ਤੋਂ ਪੰਥ ਵਿਚੋਂ ਛੇਕ ਦੇਣ ਦੇ ਡਰੋਂ ਉਨਾਂ ਦੀ ਗੁਲਾਮੀ ਨਹੀਂ ਛੱਡੀ ਜਾ ਰਹੀ। ਉਨਾਂ ਦੀ ਗੁਲਾਮੀ ਜੋ ਗੁਰੂ ਵਲੋਂ ਪਹਿਲੋਂ ਹੀ ਦੁਰਕਾਰੇ ਹੋਏ ਨੇ ਅਤੇ ਸਾਡੇ ਗੁਰਧਾਮਾਂ ਤੇ ਨਜਾਇਜ ਕਬਜੇ ਜਮਾਈ ਬੈਠੇ ਨੇ। ਜੋ ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਆਜਾਦ ਦੇਸ਼ ਦੀ ਧਰੀ ਨੀਂਹ ਉਤੇ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ ਨਾਂ ਮੰਨਨ ਵਾਲੇ ਸਿਖ

ਸਰੂਪ ਵਿਚ ਕਾਇਰ ਬੁਝਦਿਲ, ਖੁਦਗਰਜ, ਪੰਥ ਦੇ ਭਗੌੜੇ ਨੇ। ਜੋ ਬਿਪਰਨ ਦਿੱਲੀ ਤਖਤ ਦੀ ਬਸ ਗੁਲਾਮੀ ਹੀ ਸ਼ੈਤਾਨ ਅਗਧ ਪੜ੍ਹਦੇ ਨੇ ਅਤੇ ਸਿਖਾਂ ਨੂੰ ਪੜਾਉਂਦੇ ਨੇ। ਗੁਰੂਆਂ ਦੀ ਧਰਤ ਖਾਲਸੇ ਦੇ ਸੰਘਰਸ਼ ਦੀ ਅਗਵਾਈ ਫੜਨ ਵਾਲਾ ਖਾਲਸਾ ਪੰਥ ਦਾ ਵਾਰਸ ਉਹ ਹੀ ਹੋ ਸਕਦਾ ਹੈ ਜਿਸ ਨੇ ਸਾਡੇ ਗੁਰਧਾਮਾਂ ਤੇ ਕਾਬਜ ਸਿਖ ਸਰੂਪ ਵਿਚ ਬਿਪਰਣ ਉਲਾਦ ਪੁਜਾਰੀ ਜੁੰਡਲੀ, ਇਸ ਦੇ ਚਾਲਕਾਂ ਨੂੰ ਅਤੇ ਇਨਾਂ ਦੀ ਗੁਲਾਮੀ ਨੂੰ, ਬੇਖੌਫ ਹੋ ਠੋਕਰ ਮਾਰ ਦਿੱਤੀ ਹੈ। ਜਿਨਾਂ ਇਨਾਂ ਸਿਖ ਸਰੂਪ ਪੰਥ ਦੋਖੀਆਂ ਦੇ ਦੁਸ਼ਟ ਟੋਲੇ ਤੋਂ, ਜੋ ਸਿਖਾਂ ਦੇ ਸਿਰਾਂ ਦੇ ਮੁੱਲ ਪਾ ਰਿਹੇ ਮੂਲ ਬਿਪਰਨ ਆਪਣੇ ਭਾਈਆਂ ਨਾਲ ਖੜ੍ਹੀ ਹੈ, ਦੀ ਹਰ ਗੁਲਾਮੀ ਤੋਂ ਅਜਾਦ ਕਰਵਾ ਲਿਆ ਹੈ ਅਤੇ ਜਿਨਾਂ ਇਸ ਸਿਖ ਸਰੂਪ ਪੰਥ ਦੋਖੀਆਂ ਦੇ ਦੁਸ਼ਟ ਟੋਲੇ ਤੋਂ ਇਨਾਂ ਦੇ ਹੀ ਸਿਖ ਸਰੂਪ ਭਾਈ, ਪਰ ਇਨਾਂ ਤੋਂ ਵੀ ਵੱਧ ਪੰਥ ਦੁਸ਼ਮਣ ਜੁਗਿੰਦਰ ਸੁੰਹ ਅਤੇ ਇਨਾਂ ਦੇ ਬਾਪ ਨਾਨਾ ਬਿਪਰਨ ਦਿਲੀ ਤਖਤ ਤੋਂ ਖਾਲਸੇ ਦੇ ਦੇਸ਼ ਦੀ ਆਜਾਦੀ ਲਈ ਅਰਦਾਸਾ ਸੋਧ ਦਿੱਤਾ ਹੈ।

ਲਾਲੋਕੇ ਭੋਲੇ, ਅਣਜਾਣ, ਗਰੀਬ, ਕੁਝ ਦੇਰ ਨਾਲ ਸਮਝ ਸਕਣ ਵਾਲੇ ਕਿਸੇ ਮਾੜੇ ਦੀ ਚਾਲ ਨੂੰ । ਪਰ ਇਮਾਨਦਾਰ, ਸੱਚੇ, ਨਾ ਹੱਕ ਖਾਂਦੇ, ਨਾ ਸੁਰਤ ਆ ਜਾਣ ਤੇ ਅਪਣਾ ਹੱਕ ਖਾਣ ਦੇਣ ਵਾਲੇ, ਨਾ ਭੈ ਦੇਣ ਨਾ ਕਬੂਲਨ ਵਾਲੇ, ਗੁਰੂ ਦੇ ਸੂਰੇ ਸੰਤ ਸਿਖ, ਖਾਲਸੇ ਹੋ ਜਾਣ ਵਾਲੇ, ਭੁੱਲ ਕਰ ਜਾਣ ਵਾਲੇ ਪਰ ਗੁਰੂ ਤੋਂ ਆਪਣੀ ਭੁੱਲ ਦੀ ਸੋਧ ਲਈ ਵੀ ਨਾ ਦੇਰਾਂ ਲਾਉਣ ਵਾਲੇ, ਗੁਰੂ ਤੋਂ ਆਪਣੇ ਲਿਖੇ ਵਦਾਵੇ ਪੜਵਾਉਣ ਵਾਲੇ ਅਤੇ ਉਤਮ ਅਨਮੋਲ ਦਾਤ ਸ਼ਹੀਦੀ ਦੁਆਰਾ ਅਪਣੇ ਕਰਤਾ ਪੁਰਖ ਦੇ ਚਰਨਾਂ ਨਾਲ ਅਗਲੇ ਹੁਕਮਾਂ ਲਈ ਸਦੀਵੀਂ ਜੁੜ ਜਾਣ ਵਾਲੇ।

ਗੁਰਮਤਿ ਅਨੁਸਾਰ ਸਿਖ ਨੂੰ ਰਣ ਤੱਤੇ ਚ ਸ਼ਹੀਦੀ ਜਾਂ ਆਮ ਵਿਚਰਦਿਆਂ ਸ਼ਾਂਤਚਿਤ ਸ਼ਹਾਦਤ ਗੁਰੂ ਆਸਰੇ ਰੱਬ ਸਿਰਜਣਹਾਰ ਦੀ ਅਨਮੋਲ ਦਾਤ ਹੈ। ਹਾਂ ਜਿਸ ਗੁਰਸਿਖ ਨੂੰ ਇਹ ਗੁਰੂ ਗਿਆਨ ਹੋਵੇਗਾ, ਉਹ ਹੀ ਲੋੜ ਤੇ ਨਿਤਰਨ ਵਾਲਾ ਹੋ ਸਕਦਾ ਹੈ।

ਸਿਖ ਸਰੂਪ ਵਿਚ ਦੂਜੇ ਪੰਥ ਦੋਖੀ ਅਗਧ ਪੜ੍ਹ ਰਹੇ ਸ਼ੈਤਾਨ, ਖਸਮੈਂ ਨਦਰੀਂ ਕੀੜੇ ਦੇ ਮੱਕੜੀ ਜਾਲ ਵਿਚ ਜਾ ਫਸੇ ਸੀ ਤਾਂ ਦਿਲ ਵਿਚ ਪੰਥ ਲਈ ਦਰਦ ਹੋਣ ਕਰਕੇ, ਪੰਥ ਦੋਖੀ ਸਥਾਪਤ ਪੁਜਾਰੀ ਜੁੰਡਲੀ ਅਤੇ ਇਸ ਦੇ ਚਾਲਕਾਂ ਦੀਆਂ ਕਰਤੂਤਾਂ ਤੋਂ ਦੁਖੀ ਹੋਕੇ, ਇਨਾਂ ਦੀ ਗੁਲਾਮੀ ਦੀ ਥਾਂ ਇਨਾਂ ਤੋਂ ਬਗਾਵਤ ਕਰਨ ਵਾਲੇ ਅਤੇ ਇਨਾਂ ਤੋਂ ਅਪਣੇ ਸਰਬ ਉਤਮ ਪਵਿਤ੍ਰ ਗੁਰਧਾਮਾਂ ਦੀ ਆਜਾਦੀ ਲਈ ਹਮ ਖਿਅਲੀ ਤੇ ਹਮਰਾਹੀ ਭਾਲਣ ਵਾਲੇ ਹੋਣ ਕਰਕੇ।

ਸੋ ਗੁਰੂ ਨੇ ਆਪਣੀ ਆਪਾਰ ਕਿਰਪਾ ਕਰਕੇ ਘਰ ਆਏ ਉਹ ਗੁਰੂ ਦੇ ਅਤਿ ਪਿਆਰੇ ਮਿਲਾਏ ਹਨ ਜੋ ਸਿਖ ਸਰੂਪ ਵਿਚ ਸਾਡੇ ਪਵਿਤ੍ਰ ਸਥਾਨਾਂ ਅਤੇ ਪੰਥ ਤੇ ਕਾਬਜ ਬਿਪਰਨ ਔਲਾਦ ਦੁਸ਼ਟ ਟੋਲੇ ਤੋਂ ਪਹਿਲਾਂ ਹੀ ਹਰ ਤਰਫੋਂ ਆਜਾਦ ਹੋ ਚੁੱਕੇ ਨੇ ਅਤੇ ਜਿੰਨਾਂ ਨੇ ਇਸ ਦੁਸ਼ਟ ਜੁੰਡਲੀ ਤੋਂ ਆਪਣੇ ਗੁਰਧਾਂਮਾਂ ਅਤੇ ਪੰਥ ਦੀ ਆਜਾਦੀ ਲਈ ਅਰਦਾਸਾ ਪਹਿਲੋਂ ਹੀ ਸੋਧਿਆ ਹੋਇਆ ਹੈ। ਆਪਜੀ ਦੀ ਬੈਬ ਸਾਇਡ ਤੇ ਰਾਜ ਕਰੇਗਾ ਖਾਲਸਾ ਪੜ੍ਹਿਆ ਹੈ ਅਤੇ ਸਾਡੇ ਪੁਰਾਤਨ ਸੰਤ ਸਿਖ ਜਰਨੈਲ ਦੀ ਅਤੇ 20ਵੀ ਸਦੀ ਦੇ ਸ਼ਹੀਦ ਸੰਤ ਭਗਤ ਸਿਖ ਸੂਰੇ ਖਾਲਸੇ ਜਰਨੈਲ ਦੀ ਤਸਵੀਰ ਵੀ ਲੱਗੀ ਹੋਈ ਹੈ। ਸੋ ਸਾਡੇ ਗੁਰੂ ਦੇ, ਸਾਡੇ ਪੰਥ ਦੇ ਐ ਪਿਆਰੇ ਭੈਣ ਸੁਰਿੰਦਰ ਕੋਰ ਨਿਹਾਲ ਜੀਉ ਅਤੇ ਪਿਆਰੇ ਵੀਰ ਬਚਿਤਰ ਸਿੰਘ ਆਹਲੂਵਾਲੀਆ ਜੀਉ, ਇਹ ਨਿਮਾਣੇ ਗੁਰਸਿਖ ਅਤੇ ਸਾਡੀ ਅਗਵਾਈ ਅਤੇ ਹੁਕਮ ਵਿਚ ਲਿਖਣ ਵਾਲਾ ਗੁਰੂ ਤੇ ਪੰਥ ਦਾ ਪੱਕਾ ਹਮਦਰਦ ਸ਼ਰਧਾਲੂ ਪ੍ਰਾਣੀ ਅਤੇ ਹੋਰ ਮਿਲ ਆਪਜੀ ਨੂੰ ਗੁਰੂਆਂ ਦੀ ਧਰਤ ਸਿਖ ਸੰਘਰਸ਼ ਦੀ ਅਗਵਾਈ ਲਈ ਅੱਗੇ ਆਉਣ ਦੀ ਪੁਰਜੋਰ ਅਪੀਲ ਬੇਨਤੀ ਕਰਦਾ ਹਾਂ। ਬਸ ਆਪਜੀ ਵੱਲੋਂ ਆਪਣੀ ਬੈਬ ਤੇ ਸੱਭ ਨੂੰ ਇਕ ਵਾਰ ਗੱਜ ਵੱਜ ਲਿਖ ਇਹ ਸੱਚ ਸੁਣਾ ਦਿੱਤਾ ਜਾਵੇ ਕਿ ਆਪਜੀ ਲਈ ਸਿਖ ਹੋਣ ਦੇ ਅਰਥ, ਗੁਰੂ ਦੇ ਸਮੂਹ ਹੁਕਮਾਂ ਨੂੰ ਅਮਲੀ ਜੀਵਨ ਵਿਚ ਅਪਨਾਉਣਾਂ ਹੈ। ਆਪਣੇ ਪਵਿਤ੍ਰ ਗੁਰਧਾਮਾਂ ਨੂੰ ਅੱਜ ਇਸ ਤੇ ਕਾਬਜ ਸਿਖ ਸਰੂਪ ਬਿਪਰਣ ਔਲਾਦ ਤੋਂ ਆਜਾਦ ਕਰਵਾਉਣਾਂ ਹੈ ਅਤੇ ਆਪਜੀ ਲਈ ਜੂਨ ਚੋਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਦੇਸ਼ ਦੀ ਧਰੀ ਨੀਂਹ ਤੇ ਆਜਾਦ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ, ਆਪਣੇ ਗੁਰੂ ਕਰਤੇ ਦਾ ਹੁਕਮ ਫੁਰਮਾਨ ਹੈ।

ਜਿਸ ਦਿਨ ਤੋਂ ਆਪਜੀ ਦਾ ਇਹ ਐਲਾਨਨਮਾਂ ਸੰਗਤ ਵਿਚ ਹੈ ਉਸ ਦਿਨ ਤੋਂ ਅਸਾਂ ਲਈ ਤੁਸੀਂ ਉਹ ਗੁਰੂ ਪਿਆਰੇ ਮਿਲ ਗਏ ਹੋ ਗਏ ਹੋ ਜਿਨਾਂ ਦੀ ਗੁਰੂਆਂ ਦੀ ਧਰਤ ਇਹ ਤੁਛ ਕਾਫਲਾ ਤਲਾਸ਼ ਕਰ ਰਿਹਾ ਸੀ। ਭੁੱਲੇ ਪਰਤ ਆਏ ਖਾਲਸਾ ਪੰਥ ਦੀ ਅਗਵਾਈ ਕਰਨ ਵਾਲੇ, ਖਾਲਸਾ ਪੰਥ ਦੇ ਵਾਰਸ, ਜਿਨਾਂ ਦੀ ਅਗਵਾਈ ਵਿਚ ਇਸ ਤੁਛ ਕਾਫਲੇ ਨੇ ਤੁਰਿਆਂ ਪੰਥ ਲਈ ਸੀਸ ਲਾਂਉਂਦੇ ਫਖਰ ਮਹਿਸੂਸ ਕਰ ਸਕਣਾਂ ਹੈ। ਇਹ ਹੈ ਗੁਰੂ ਆਸਰੇ ਗੁਰੂ ਦੀ ਧਰਤ, ਗੁਰਸਿਖ ਖਾਲਸਾ ਪੰਥ ਦੀ ਮੜਕ ਨਾਲ ਤੁਰਨ ਲਈ ਨਵੀਂ ਸ਼ੁਰੂਆਤ ਹੋ ਜਾਣੀ ਅਤੇ ਨਿੱਜ ਮਨ ਨੂੰ ਜਹਾਨੋਂ ਜਾਣ ਮਗਰੋਂ ਵੀ ਗੁਰੂ ਨਾਲ ਜੋੜ ਰਖਣਾਂ, ਪੱਲੇ ਦਾਤ ਕਰ ਲੈਣੀ।

ਇਸ ਮਗਰੋਂ ਅਗਲਾ ਕਾਰਜ ਜੋ ਹੋਣਾਂ ਜਰੂਰੀ ਆਪ ਜੀ ਬਿਆਨ ਕਰ ਹੀ ਗਏ ਹੋ:
"ਇਸ ਵਕਤ ਸਮੂਹ ਸਿਖ ਜਥੇਬੰਦੀਆਂ ਅਤੇ ਚਿੰਤਕਾਂ ਨੂੰ ਆਪਣੀ ਹਾਉਮੈ ਅਤੇ ਲਾਲਸਾ ਤਿਆਗਕੇ ਇਕ ਮੰਚ ਤੇ ਇਕੱਠੇ ਹੋਣਾਂ ਸਮੇਂ ਦੀ ਲੋੜ ਹੈ।" ਇਹ ਹੀ ਬੇਨਤੀ ਜੂਨ ਚੌਰਾਸੀ ਦੇ ਸ਼ਹੀਦਾਂ ਦੀ ਬਰਸੀ ਤੇ ਬਿਅੰਤੇ ਦੁਸ਼ਟ ਦੇ ਕਤਲ ਕੇਸ ਵਿਚ ਮੌਤ ਦੀ ਸਜਾ ਸੁਣ ਚੁੱਕਿਓ ਕਾਲ ਕੋਠੜੀਆਂ ਵਿਚ ਬੰਦ ਸੂਰੇ ਸਿੰਘਾਂ ਨੇ ਵੀ ਕੀਤੀ ਸੀ ਜਿਸ ਬੇਨਤੀ ਨੂੰ ਇਸ ਤੁਛ ਗੁਰਸਿਖ ਕਾਫਲੇ ਵਲੋਂ ਸ਼੍ਰੋਮਣੀ ਸਿਖ ਕੌਂਸਲ ਇੰਟਰਨੈਸ਼ਨਲ ਦੇ ਮੁਖੀ ਨੂੰ ਲਿਖੇ ਖਤ ਵਿਚ ਵਿਸਥਾਰ ਨਾਲ ਦੁਹਰਾ ਕੇ ਏਕਤਾ ਲਈ ਕਿਹੜਾ ਪ੍ਰਣ ਅਧਾਰ ਹੋ ਸਕਦਾ ਹੈ, ਵੀ ਅੰਕਤ ਕਰ ਦਿੱਤਾ ਗਿਆ ਸੀ। ਪੂਰਾ ਖਤ ਨਾਲ।
ਆਪਜੀ ਦਾ ਐਲਾਨਨਾਮਾਂ, ਸੰਗਤ ਵਿਚ ਆ ਜਾਣ ਮਗਰੋਂ ਜੋ ਜੋ ਗੁਰਸਿਖ ਜਾਂ ਗੁਰਸਿਖ ਜਥੇਬੰਦੀ, ਇਹ ਹੀ ਜਾਂ ਆਪਣੇ ਅੱਖਰਾਂ ਵਿਚ ਇਹ ਹੀ ਪ੍ਰਣ ਅਰਦਾਸ:
"ਮੇਰੇ ਜਾਂ ਅਸਾਂ ਲਈ ਸਿਖ ਹੋਣਾਂ, ਗੁਰੂ ਦੇ ਸਮੂਹ ਹੁਕਮਾਂ ਨੂੰ ਅਮਲੀ ਜੀਵਨ ਵਿਚ ਅਪਨਾਉਣਾਂ ਹੈ। ਆਪਣੇ ਪਵਿਤ੍ਰ ਗੁਰਧਾਮਾਂ ਨੂੰ ਅੱਜ ਇਸ ਤੇ ਕਾਬਜ ਬਿਪਰਣ ਔਲਾਦ ਤੋਂ ਆਜਾਦ ਕਰਵਾਉਣਾਂ ਹੈ ਅਤੇ ਸਾਡੇ ਲਈ ਜੂਨ ਚੋਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਦੇਸ਼ ਦੀ ਧਰੀ ਨੀਂਹ ਤੇ ਆਜਾਦ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ, ਸਾਡੇ ਗੁਰੂ ਕਰਤੇ ਦਾ ਹੁਕਮ ਫੁਰਮਾਨ ਹੈ।", ਕਰ ਦਿੱਤੀ, ਸੁੱਖ ਸੁਨੇਹਾ ਲੈ ਕੇ ਆਉਂਦੀ ਹੈ, ਉਨਾਂ ਨੂੰ ਗਲਵੱਕੜੀ ਵਿਚ ਲਈ ਜਾਣਾਂ, ਗੁਰਸਿਖ ਕਾਫਲੇ ਦੇ ਥੱਲੇ ਜਾਨਬਾਜ ਫੋਰਸ ਦੇ ਨਾਲ ਅਤੇ ਤੁਛ ਗੁਰਸਿਖ ਕਾਫਲੇ ਦੇ ਅੱਗੇ ਇਨਾਂ ਆਇਆਂ ਦੇ ਨਾਮ ਦਰਜ ਕਰੀ ਜਾਣੇ। ਇਨਾਂ ਨਾਲ ਹੀ ਅਗਾਂਹ ਪਰਵਾਰਕ ਮੇਲ ਮਿਲਾਪ ਸਬੰਧ ਹੋਣੇ ਅਤੇ ਆਪਣੀ ਬੂੰਦ ਅਤੇ ਕੁਖ ਦਾ ਅਤੇ ਗੁਰੂ ਦੇ ਅੰਮ੍ਰਿਤ ਦਾ ਸਿਖ ਸਰੂਪ ਵਿਚ ਬਿਪਰਨ ਔਲਾਦ ਤੋਂ ਨਖੇੜਾ ਕਰ ਲੈਣਾਂ, ਅਪਣੇ ਆਪਨੂੰ ਇਨਾਂ ਸਿਖ ਸਰੂਪ ਵਿਚ ਨਕਲੀ ਬਿਪਰਨ ਔਲਾਦ ਸਿਖਾਂ ਤੋਂ ਦੂਰ ਕਰ ਲੈਣਾਂ ਅਤੇ ਭਵਿਖ ਵਿਚ ਅਪਣੀ ਗੁਰਸਿਖ ਸੰਤਾਨ ਦੀ ਰਾਖੀ ਲਈ ਗੁਰੂ ਆਸਰੇ ਅਪਣੇ ਦੁਆਲੇ ਅਜਿਹਾ ਨਵਾਂ ਕਿਲਾ ਉਸਾਰ ਲੈਣਾਂ, ਜਿਸ ਵਿਚ ਦੁਸ਼ਮਣ ਦਰਵੇਸ਼ ਸਿਖ ਸਰੂਪ ਧਾਰਕੇ ਅੰਦਰ ਆ ਸਕਣ ਤੋਂ ਅਸਮਰੱਥ ਲਾਚਾਰ ਹੋਵੇ ਅਤੇ ਖਾਲਸੇ ਦੀ ਅਜਾਦੀ ਲਈ ਗੁਰੂ ਸਾਨੂੰ ਨੀਚਾਂ ਨੂੰ ਅਤੇ ਨੀਚਾਂ ਦਿਆਂ ਨੂੰ ਤੀਜੀ ਵਾਰ ਉਚੇ ਕਰ ਰਹੇ ਹੋਣ:
**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥** (ਪੰਨਾਂ 1108)
ਦੋਹਾਂ ਹੀ ਸਿਖ ਸਰੂਪ ਵਿਚ ਸਿਖ ਧਰਮ, ਸਿਖ ਕਿਰਦਾਰ ਅਤੇ ਪੰਥ ਦੋਖੀ ਦੁਸ਼ਟ ਟੋਲਿਆਂ ਦੇ ਬੁਣੇ ਮੱਕੜੀ ਜਾਲ ਵਿਚ ਫਸੇ ਹੋਰ ਆਪਣੇ ਪੰਥ ਪਿਆਰਿਆਂ ਨੂੰ ਵੀ ਆਪਾਂ ਆਜਾਦ ਕਰਵਾਣਾਂ ਹੈ। ਇਹ ਖਤ ਹੋਰ ਭੁੱਲੇ ਵੀਰਾਂ ਅਤੇ ਸੰਗਤ ਦੀ ਜਾਣਕਾਰੀ ਲਈ ਜੇ ਹੋ ਸਕੇ ਤਾਂ ਗੁਰੂਆਂ ਦੀ ਧਰਤ ਆਪਣੀ ਬੈਬ ਤੇ ਕਰ ਦੇਣ ਦੀ ਬੇਨਤੀ ਹੈ।
ਜੁਗਿੰਦਰ ਸੁੰਹ ਜਿਥੇ ਹੋਕਾ ਦੇਕੇ ਸਾਡੇ ਨਿਤਰਨ ਦੇ ਸੱਚ ਨੂੰ ਛੁਪਾ ਗਿਅ ਸੀ, ਇਸ ਸੱਚ ਨੂੰ ਛੁਪਾਉਣ ਵਾਲੇ ਹੀ ਹੁਣ ਤੱਕ ਸੱਭ ਵੱਡੇ ਨਾਮ ਵਾਲੇ, ਗੁਰੂ ਦੀ ਧਰਤ ਹੋਏ ਨੇ। ਕਿਸੇ ਸਿਖ ਅਖਬਾਰ ਮਾਲਕ ਨੇ, ਕਿਸੇ ਸਿਖ ਜਥੇਬੰਦੀ ਦੀ ਅਖਬਾਰ ਨੇ ਜਾਂ ਸਿਖਾਂ ਦੇ ਕਿਸੇ ਇੰਟਰਨੈਟ ਅਖਬਾਰ ਨੇ ਗੁਰੂਆਂ ਦੀ ਧਰਤ ਸਿਖ ਦੀ ਪ੍ਰੀਭਾਸ਼ਾ ਤੋਂ ਸ਼ੁਰੂ ਹੁਣ ਤੱਕ ਦੇ ਇਨਾਂ ਦਸਤਾਵੇਜ਼ਾਂ ਦੇ ਮਿਲੇ ਹੋਣ ਤੱਕ ਦੀ ਖਬਰ ਬਾਹਰ ਤੱਕ ਨਾ ਜਾਣ ਦਿੱਤੀ। ਇਹ ਤੁਛ ਗੁਰਸਿਖ ਕਾਫਲੇ ਦਾ ਆਪਜੀ ਨੂੰ ਖਤ, ਗੁਰੂਆਂ ਦੀ ਧਰਤ ਅਪਣੀ ਬੈਬ ਤੇ ਕਰਨ ਵਾਲੇ ਪਹਿਲੇ ਗੁਰੂ ਪਿਆਰੇ ਆਪਜੀ ਹੀ ਹੋਣੇਂ ਹਨ।
ਗੁਰੂ ਭਲੀ ਕਰੇ, ਜਿਨਾਂ ਗੁਰਸਿਖ ਪਿਅਰਿਆਂ ਦੀ ਗੁਰੂ ਦੀ ਧਰਤ ਤਲਾਸ਼ ਸੀ, ਉਹ ਮਿਲ ਗਏ, ਹੋ ਜਾਵੇ, ਗੁਰੂ ਅੱਗੇ ਅਰਦਾਸ ਕਰਦੇ ਹਾਂ ਅਤੇ ਅਗਲੀ ਵਾਰ ਤੱਕ ਆਪਜੀ ਨੂੰ ਅਤੇ ਗੁਰੂ ਦੀ ਧਰਤ ਵਸਦੇ ਗੁਰਸਿਖ ਖਾਲਸੇ ਨੂੰ ਗੁਰੂ ਫਤਹਿ ਸਾਂਝੀ ਕਰਦੇ ਹਾਂ: ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ॥

**ਤੁਛ ਗੁਰਸਿਖ ਕਾਫਲਾ**

ਅਗਵਾਈ ਅਤੇ ਹੁਕਮ ਉਤੇ: ਇਕੋ ਇਕ ਨਾਨਕ ਦੇ ਦਰ ਦਾ, ਗੁਰੂ ਪੰਥ ਦਾ ਦਾਸ
ਐਨ. ਕਮਲ-ਫੇਹਰਨਬੱਖ ਉਰਫ ਬਿਧੀ ਸਿੰਘ ਬੱਬਰ (06.11.2009)
**ਪਤਾ:** N. Kamal-Fehrenbach Schöne Aussicht 74a, 65760 Eschborn
Germany. Tel: 06173 67103, Fax: 06173 640321, eMail : ef-nk@t-online.de